ਗੁਲਜ਼ਾਰਾਂ

ਗੁਲਜ਼ਾਰਾਂ

ਲੇਖਿਕਾ
ਡਾ. ਸੁਲਤਾਨਾ ਬੇਗ਼ਮ

ਪੰਜਾਬੀ ਸਾਹਿਤ ਪਬਲੀਕੇਸ਼ਨ ਬਾਲੀਆਂ
(ਸੰਗਰੂਰ)

ਇਸੇ ਕਲਮ ਤੋਂ
ਰੁਸਵਾਈਆਂ (ਗ਼ਜ਼ਲ ਸੰਗ੍ਰਹਿ) 2014

Gulzaran

(a book of Poetry)

Written By

Dr. Sultana Begum
MA (Pbi.Urdu) Ph.D
Diploma in Indian Theatre
Diploma in Persion
City-PATIALA
Mob. 9780044557

© Author
2015

ISBN 978-93-85235-31-3

Title By: Saili Balwinder

Rs. 150

published by
Punjabi Sahit Publications
V.P.O. Balian, Sangrur (148001), Punjab
Mob. 98154-48958, 80548-69313

Printed & Bound at:
Shiv Shakti Printing Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.

ਸਮਰਪਣ

ਆਪਣੇ ਭਤੀਜੇ ਤਰਨਬੀਰ ਸਿੰਘ ਸ਼ੇਰਗਿੱਲ 'ਮਜੀਠੀਆ' (ਮਣਕਾ)

ਨੂੰ

ਜੋ ਭਰੀ ਜਵਾਨੀ ਵਿੱਚ ਇਹ "ਗੁਲਜ਼ਾਰਾਂ" ਛੱਡ ਕੇ ਤੁਰ ਗਿਆ।

ਅਤੇ

ਪੜ੍ਹਦੇ, ਸੁਣਦੇ, ਗਾਉਂਦੇ ਤੇ ਮਾਣਦੇ ਮਿੱਤਰਾਂ ਨੂੰ।

ਵਿਸ਼ੇਸ਼ ਧੰਨਵਾਦ

ਸੈਲੀ ਬਲਵਿੰਦਰ ਜੀ
ਸੁਖਦੇਵ ਮਾਦਪੁਰੀ ਜੀ

ਤਤਕਰਾ

- ਖ਼ੁਸ਼-ਆਮਦੀਦ 08
- ਟੱਪੇ/ਮਾਹੀਆ 13
- ਢੋਲਾ/ਮਾਹੀਆ 40
- ਦੋਹੇ 50

• ਗੀਤ

- ਲੈ ਜਾ ਵੇ ਲਲਾਰੀਆ, ਦੁਪੱਟਾ ਮੇਰਾ ਰੰਗ ਵੇ 93
- ਮੁੱਦਤਾਂ ਹੀ ਹੋ ਗਈਆਂ, ਨਾ ਸੁਣੇ ਤੇਰੇ ਬੋਲ਼ ਵੇ 94
- ਭੈੜਿਆ ਦਿਲਾ ਵੇ ਕਾਹਨੂੰ ਲਾ ਲਈਆਂ ਅੱਖੀਆਂ 95
- ਬਾਹਵਾਂ ਗੋਰੀਆਂ ਤੇ ਛਣਕਣ ਚੂੜੀਆਂ 96
- ਜਾਂਦਿਆ ਜਾਂਦਿਆ ਰਾਹੀਆ ਸੁਣ ਜਾ 98
- ਮੇਰਿਆ ਮਾਹੀਆ ਢੋਲ ਸਿਪਾਹੀਆ ਵੇ 100
- ਘੋੜਾ, ਕੈਂਠਾ, ਚਾਦਰਾ ਸ਼ਿੰਗਾਰ ਜੱਟ ਦੇ 102
- ਜਦੋਂ ਪੈਣ ਸ਼ਾਮਾਂ, ਤੇਰਾ ਤੱਕਣੀ ਆਂ ਰਾਹ ਵੇ 104
- ਜਿੰਦੜੀ ਹੈ ਮੇਰੀ ਕੁਝ ਪਲਾਂ ਦੀ ਮਹਿਮਾਨ ਵੇ 105
- ਕੀਤਾ ਤੂੰ ਅਜ਼ਾਦ ਚੰਨਾ, ਜਾਣਾ ਜਿੱਥੇ ਜਾਹ ਵੇ 107
- ਕਰੇਂ ਆਪ ਚੋਰੀਆਂ ਤੇ ਸਾਨੂੰ ਦੱਸੇਂ ਚੋਰ ਵੇ 109
- ਐਵੇਂ ਰੁੱਸਿਆ ਨਾ ਕਰ ਨੀਂ ਮਨਾ ਲੈਣ ਦੇ 111
- ਤੈਨੂੰ ਮਿਲਸਾਂ ਢੋਲਾ, ਵੇ ਤੈਨੂੰ ਟਕਰੂੰ ਢੋਲਾ 112

ਖ਼ੁਸ਼-ਆਮਦੀਦ

ਖ਼ੁਸ਼ ਮਿਜ਼ਾਜ, ਸੰਵੇਦਨਸ਼ੀਲ, ਸਾਹਸ ਭਰਪੂਰ ਅਤੇ ਸੰਘਰਸ਼ਮਈ ਜੀਵਨ ਜੀਣ ਵਾਲ਼ੀ ਸ਼ਖ਼ਸ਼ੀਅਤ ਦਾ ਨਾਂ ਹੈ ਸੁਲਤਾਨਾ ਬੇਗਮ। ਜਿਸ ਨੂੰ ਵਿਰਾਸਤ ਵਿੱਚ ਭਾਵੇਂ ਉਰਦੂ ਜ਼ੁਬਾਨ ਪ੍ਰਾਪਤ ਹੋਈ ਹੈ ਪਰ ਉਸ ਦੇ ਰੋਮ ਰੋਮ ਵਿੱਚ ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਰਮੀ ਹੋਈ ਹੈ। ਉਸਨੂੰ ਦੋਹਾਂ ਜ਼ੁਬਾਨਾਂ ਤੇ ਅਬੂਰ ਹਾਸਿਲ ਹੈ। ਉਹਨੇ ਉਰਦੂ ਦੀ ਐਮ.ਏ. ਤੇ ਪੰਜਾਬੀ 'ਚ ਪੀ ਐਚ.ਡੀ. ਦੀ ਉਪਾਧੀ ਪ੍ਰਾਪਤ ਕੀਤੀ ਹੋਈ ਹੈ।

ਸੁਲਤਾਨਾ ਨੇ ਜ਼ਿੰਦਗੀ ਨੂੰ ਨਹਾਇਤ ਬਾਰੀਕ ਬੀਨੀ ਨਾਲ਼ ਵੇਖਿਆ ਘੋਖਿਆ ਹੀ ਨਹੀਂ-ਬਲਕਿ ਜ਼ਿੰਦਗੀ ਦੀਆਂ ਗ਼ਮੀਆਂ, ਖ਼ੁਸ਼ੀਆਂ, ਤਲਖ਼ੀਆਂ ਅਤੇ ਕੌੜੇ ਕੁਸੈਲੇ ਅਨੁਭਵਾਂ ਨੂੰ ਵੀ ਆਪਣੇ ਪਿੰਡੇ ਤੇ ਹੰਢਾਇਆ ਹੈ। ਇਸ ਤੋਂ ਇਲਾਵਾ ਉਸਨੇ ਸਮਾਜਿਕ ਸਰੋਕਾਰਾਂ ਅਤੇ ਦਰਪੇਸ਼ ਚਣੌਤੀਆਂ ਦਾ ਵੀ ਖਿੜੇ ਮੱਥੇ ਟਾਕਰਾ ਕੀਤਾ ਹੈ। ਉਹ ਇੱਕ ਵਗਦਾ ਦਰਿਆ ਹੈ-ਜਜ਼ਬਾਤਾਂ ਤੇ ਵਲਵਲਿਆਂ ਨਾਲ਼ ਨੱਕੋ ਨੱਕ ਭਰਿਆ ਹੋਇਆ। ਉਸਦੇ ਇਹ ਵਲਵਲੇ ਕਵਿਤਾ ਦੇ ਵੇਗ ਵਿੱਚ ਆਪ-ਮੁਹਾਰੇ ਹੀ ਵਹਿ ਤੁਰੇ ਨੇ। ਉਸਨੇ ਆਪਣੀ ਜ਼ਿੰਦਗੀ ਦੇ ਜਜ਼ਬਾਤਾਂ, ਅਨੁਭਵਾਂ ਤੇ ਤਜਰਬਿਆਂ ਨੂੰ ਅਨੁਭਵੀ ਪਾਠਕਾਂ ਨਾਲ਼ ਸਾਝਿਆਂ ਕਰਨ ਲਈ ਕਾਵਿ ਸਿਰਜਣਾ ਨੂੰ ਮਾਧਿਅਮ ਬਣਾਇਆ ਹੈ।

'ਰੁਸਵਾਈਆਂ' ਪਿਛਲੇ ਵਰ੍ਹੇ ਪ੍ਰਕਾਸ਼ਿਤ ਹੋਇਆ, ਉਰਦੂ ਜ਼ੁਬਾਨ 'ਚ ਰਚਿਆ ਗ਼ਜ਼ਲ ਸੰਗ੍ਰਹਿ ਹੈ। ਜਿਸ ਨੂੰ ਉਸਨੇ ਗੁਰਮੁਖੀ ਅਤੇ ਦੇਵਨਾਗਰੀ ਲਿਪੀ ਵਿੱਚ ਪ੍ਰਕਾਸ਼ਿਤ ਕਰਵਾਇਆ ਹੈ। ਪੰਜਾਬੀ ਭਾਸ਼ਾ ਵਿੱਚ ਵੀ ਉਸਨੇ ਕਾਵਿ-ਸਿਰਜਣਾ ਕੀਤੀ ਹੈ। ਪਰੰਤੂ ਪਰੰਪਰਾ ਨਾਲ਼ ਜੁੜੀ ਹੋਣ ਸਦਕਾ ਉਸਨੇ ਪੰਜਾਬੀ ਕਵਿਤਾ ਦੇ ਹਰਮਨ ਪਿਆਰੇ ਪਰੰਪਰਾਗਤ ਕਾਵਿ ਰੂਪਾਂ 'ਟੱਪੇ, ਮਾਹੀਆ' 'ਢੋਲੇ' 'ਦੋਹੇ' ਦੀ ਸਿਨਫ਼ ਨੂੰ ਆਪਣੀ ਕਾਵਿ ਸਿਰਜਣਾ ਨੂੰ ਮਾਧਿਅਮ ਬਣਾ ਕੇ ਆਪਣੇ ਜਜ਼ਬਿਆਂ ਦਾ ਇਜ਼ਹਾਰ ਕੀਤਾ ਹੈ।

'ਮਾਹੀਆ' ਪੰਜਾਬੀਆਂ ਦਾ ਛੋਟੇ ਆਕਾਰ ਦਾ ਹਰਮਨ ਪਿਆਰਾ ਕਾਵਿ ਰੂਪ ਹੈ। ਇਹ ਪੰਜਾਬ ਦੀਆਂ ਸਾਰੀਆਂ ਉਪ-ਬੋਲੀਆਂ ਵਿੱਚ ਰਚਿਆ ਹੋਇਆ ਮਿਲਦਾ ਹੈ। ਮੁਲਤਾਨ, ਸਿਆਲਕੋਟ, ਪੋਠੋਹਾਰ ਅਤੇ ਜੰਮੂ ਦੇ ਪਹਾੜੀ ਖੇਤਰਾਂ ਵਿੱਚ ਇਹ ਪੁਰਾਤਨ ਕਾਲ ਤੋਂ ਹੀ ਲੋਕ ਪ੍ਰਿਆ ਰਿਹਾ ਹੈ। ਮਾਹੀ ਦੇ ਸ਼ਾਬਦਿਕ ਅਰਥ ਮੱਝਾਂ ਚਰਾਉਣਾ ਵਾਲ਼ਾ। ਰਾਂਝਾ ਬਾਰਾਂ ਵਰ੍ਹੇ ਹੀਰ ਲਈ ਮੱਝਾਂ ਚਰਾਉਂਦਾ ਰਿਹਾ ਹੈ ਜਿਸ ਕਰਕੇ ਹੀਰ ਉਸਨੂੰ ਮਾਹੀ ਆਖ ਕੇ ਬੁਲਾਉਂਦੀ ਸੀ। ਹੀਰ ਰਾਂਝੇ ਦੀ ਕਹਾਣੀ ਦਾ ਪੰਜਾਬ ਦੇ ਜਨ ਜੀਵਨ ਤੇ ਅਮਿਟ ਪ੍ਰਭਾਵ ਪਿਆ ਹੈ। ਜਿਸ ਕਰਕੇ ਮਾਹੀ ਸ਼ਬਦ ਦਾ ਪਦਨਾਮ ਮਹਿਬੂਬ ਅਤੇ ਪਤੀ ਲਈ ਪ੍ਰਚਲਿਤ ਹੋ ਗਿਆ।

ਥੋੜ੍ਹੇ ਰਹਿ ਗਏ ਸਾਹ ਮਾਹੀਆ।
ਲਾਰਿਆਂ 'ਚ ਲੰਘੀ ਜ਼ਿੰਦਗੀ,
ਨਹੀਂ ਜਿਊਣ ਦੀ ਚਾਹ ਮਾਹੀਆ।

ਮੋੜੇ ਪਿੱਛੇ ਨੂੰ ਪਾ ਮਾਹੀਆ।
ਲੰਮੇ ਪੈਂਡੇ ਜ਼ਿੰਦਗੀ ਦੇ,
ਨਹੀਂ ਮੁੱਕਣੇ ਇਹ ਰਾਹ ਮਾਹੀਆ।

ਕੰਨੀ ਮੁੰਦਰਾਂ ਪਾਈਆਂ ਨੇ।
ਅੱਖੀਆਂ ਨੂੰ ਰੋ ਲੈਣ ਦੇ,
ਬਿਰਹੋਂ ਦੀਆਂ ਜਾਈਆਂ ਨੇ।

ਰੋਗ ਇਸ਼ਕੇ ਦੇ ਅਵੱਲੇ ਨੇ।
ਟੁਰ ਜਾਂਦੇ ਯਾਰ ਛੱਡ ਕੇ,
ਹੱਥੀਂ ਰਹਿ ਜਾਂਦੇ ਛੱਲੇ ਨੇ।

ਮਾਹੀਆ ਲੋਕ ਪ੍ਰਤਿਭਾ ਦੇ ਮੁੱਢ ਕਦੀਮੀ ਸਰੋਦੀ ਸੋਮਿਆਂ ਵਿੱਚੋਂ ਵਿਕਸਿਤ ਹੋਇਆ ਛੋਟੀ ਸਿਨਫ਼ ਦਾ ਕਾਵਿ-ਰੂਪ ਹੈ ਜਿਸ ਨੇ ਮਾਨਵੀ ਪਿਆਰ, ਰਿਸ਼ਤਿਆਂ ਦੀ ਸਦੀਵੀ ਮੁਹੱਬਤ ਅਤੇ ਅਪੱਣਤ ਨੂੰ ਆਪਣੇ ਵਿੱਚ ਸਮੋਇਆ ਹੋਇਆ ਹੈ। ਇਸ ਵਿੱਚ ਮੁੱਖ ਤੌਰ ਤੇ ਰੁਮਾਂਚਕ ਵਿਸ਼ਿਆਂ ਨੂੰ ਹੀ ਪੇਸ਼ ਕੀਤਾ ਗਿਆ ਹੈ। ਮਾਹੀਆ ਜਿਸ ਨੂੰ 'ਟੱਪੇ' ਵੀ ਆਖਦੇ ਹਨ, ਵਿੱਚ ਪੰਜਾਬ ਦੀ ਮੁਟਿਆਰ ਆਪਣੇ ਮਾਹੀਏ ਦੇ ਹੁਸਨ ਦੇ ਵਾਰੇ ਵਾਰੇ ਜਾਂਦੀ ਹੋਈ ਉਸ ਲਈ ਆਪਣੀ ਬੇਪਨਾਹ ਮੁਹੱਬਤ ਦਾ ਇਜ਼ਹਾਰ ਹੀ ਨਹੀਂ ਕਰਦੀ ਬਲਕਿ ਸ਼ਿਕਵਿਆਂ, ਨਹੋਰਿਆਂ ਦੇ ਬਾਣਾਂ ਤੇ ਵਿਛੋੜੇ ਦੇ ਸੱਲਾਂ ਦਾ ਵਰਨਣ ਵੀ ਬੜੇ ਅਨੂਠੇ ਤੇ ਦਰਦੀਲੇ ਬੋਲਾਂ ਨਾਲ਼ ਕਰਦੀ ਹੈ।

ਸੁਲਤਾਨਾ ਨੇ ਵੀ ਮਾਹੀਆ ਕਾਵਿ-ਰੂਪ ਨੂੰ ਆਪਣੇ ਜਜ਼ਬਿਆਂ ਦੇ ਇਜ਼ਹਾਰ ਲਈ ਚੁਣਿਆ ਹੈ ਅਤੇ ਆਪਣੇ ਮਨ ਦਾ ਭਾਰ ਹੌਲ਼ਾ ਕੀਤਾ ਹੈ।

ਕਾਲ਼ੇ ਰੰਗ ਦਾ ਗੁਲਾਬ ਕੋਈ ਨਾ।
ਜ਼ਿੰਦਗੀ ਸੀ ਚਾਰ ਦਿਨ ਦੀ,
ਅਸੀਂ ਰੱਖਿਆ ਹਿਸਾਬ ਕੋਈ ਨਾ।

ਸ਼ੀਸੇ ਟੁੱਟਿਆਂ ਨਾ ਜੁੜਦੇ ਨੇ।
ਸਮਿਆਂ ਦੇ ਫੇਰ ਚੰਦਰੇ,
ਕਾਹਨੂੰ ਪਿੱਛੇ ਮੁੜਦੇ ਨੇ।

ਪੰਨੇ ਜ਼ਿੰਦਗੀ ਦੇ ਪਾੜੇ ਨੇ।
ਤੇਰਾ ਨਹੀਂ ਕਸੂਰ ਹਾਣੀਆਂ,
ਸਾਡੇ ਲੇਖ ਈ ਮਾੜੇ ਨੇ।

ਸੁਲਤਾਨਾ ਨੇ 'ਢੋਲਾ' ਤੇ 'ਗੀਤਾਂ' ਦੀ ਰਚਨਾ ਵੀ ਕੀਤੀ ਹੈ। ਜੋ ਕਿ ਬੇਹੱਦ ਖ਼ੂਬਸੂਰਤ ਤੇ ਲੋਕ ਗੀਤਾਂ ਦੀ ਤਰਜ਼ ਤੇ ਹੈ।

ਢੋਲਾ ਵੇ ਢੋਲਾ...ਹਾਏ ਢੋਲਾ।
ਬਜ਼ਾਰ ਵਿਕੇਂਦਾ ਦਾਣਾ ਵੇ।
ਤੁਸਾਂ ਸੱਦਣਾ ਤੇ ਅਸੀਂ ਨਹੀਂ ਆਉਣਾ ਵੇ।
ਡਰ ਮਾਪਿਆਂ ਤੋਂ ਲੱਗਦਾ–ਹਾਏ ਢੋਲਾ–

ਢੋਲਾ ਵੇ ਢੋਲਾ...ਹਾਏ ਢੋਲਾ।
ਬਜ਼ਾਰ ਵਿਕੇਂਦੀ ਗੁਲਕੰਦ ਵੇ।
ਕਿਉਂ ਦਿਲ 'ਚ ਪਾਈ ਕੰਧ ਵੇ।
ਕਿਉਂ ਸ਼ਰੀਕ ਬਣਾਇਐ–ਹਾਏ ਢੋਲਾ।

ਢੋਲਾ ਵੇ ਢੋਲਾ...ਹਾਏ ਢੋਲਾ।
ਬਜ਼ਾਰ ਵਿਕੇਂਦੀ ਛੜ ਵੇ।
ਪਿੱਟਾਂ ਕੌਠੇ ਢੰਢੋਰਾ ਚੜ੍ਹ ਵੇ।
ਮੈਂ ਹੋਈ ਮਸਤਾਨੀ–ਹਾਏ ਢੋਲਾ।

ਸੁਲਤਾਨਾ ਦੇ ਗੀਤਾਂ ਦਾ ਰੰਗ ਅਜਿਹਾ ਹੈ ਕਿ ਲਗਦਾ ਹੈ ਕਿ ਸ਼ਾਹਕਾਰ ਹੋ ਨਿਬੜੇਗਾ।

1. ਲੈ ਜਾ ਵੇ ਲਲਾਰੀਆ, ਦੁਪੱਟਾ ਮੇਰਾ ਰੰਗ ਵੇ।
   ਪਿਆਰ ਤੇ ਮੁਹੱਬਤਾਂ ਦੇ, ਦੇਵੀਂ ਇਹਨੂੰ ਰੰਗ ਵੇ।

2. ਕੀਤਾ ਤੂੰ ਅਜ਼ਾਦ ਚੰਨਾਂ ਜਾਣਾ, ਜਿੱਥੇ ਜਾਹ ਵੇ।
   ਗ਼ਮਾਂ ਨਾਲ਼ ਕਰ ਲਿਆ ਅਸੀਂ ਹੈ ਨਿਕਾਹ ਵੇ।

3. ਜਦੋਂ ਪੈਣ ਸ਼ਾਮਾਂ, ਤੇਰਾ ਤੱਕਣੀ ਆਂ ਰਾਹ ਵੇ।
   ਆ ਜਾ ਦਿਲ ਜਾਨੀਆਂ, ਤੂੰ ਕਿੱਥੇ ਬੈਠਾ ਜਾਹ ਵੇ।

'ਦੋਹਾ' ਪੰਜਾਬੀ ਲੋਕ ਕਾਵਿ ਦਾ ਬਹੁਤ ਪੁਰਾਣਾ ਰੂਪ ਹੈ। ਜਿਸ ਰਾਹੀ ਅਧਿਆਤਮਕ ਤੇ ਸਦਾਚਾਰਕ ਕਵਿਤਾ ਦਾ ਸੰਚਾਰ ਬਹੁਤ ਵੱਡੀ ਮਾਤਰਾ ਵਿੱਚ ਹੋਇਆ ਹੈ, ਕਬੀਰ, ਸ਼ੇਖ਼ ਫ਼ਰੀਦ, ਅਤੇ ਗੁਰੂ ਸਾਹਿਬਾਨ ਦੀ ਬਾਣੀ ਕਾਫ਼ੀ ਮਾਤਰਾ ਵਿੱਚ ਉਪਲਬਧ ਹੈ। "ਦੋਹਾ" ਲੋਕ ਪਰੰਪਰਾ ਦਾ ਅਨਿਖੜਵਾਂ ਅੰਗ ਹੋਣ ਕਰਕੇ ਪੰਜਾਬ ਦੇ ਮੱਧਕਾਲੀਨ ਕਿੱਸਾਕਾਰਾਂ ਤੇ ਕਵੀਕਾਰਾਂ ਨੇ ਵੀ ਇਸ ਕਾਵਿ ਰੂਪ ਨੂੰ ਆਪਣੀਆਂ ਕਾਵਿ ਰਚਨਾਵਾਂ ਵਿੱਚ ਵਰਤਿਆ ਹੈ:– ਸੁਲਤਾਨਾ ਦੀਆਂ ਗੁਲਜ਼ਾਰਾਂ ਵਿੱਚੋਂ:–

ਇਸ਼ਕ ਦੀ ਰਮਜ਼ ਤਾਂ ਓਹੀ ਜਾਣੇ,
ਜੀਹਨੇ ਇਸ਼ਕ ਦਾ ਪੱਲਾ ਫੜਿਆ ਵੇ।
ਭਰ ਭਰ ਜ਼ਹਿਰ ਪਿਆਲਾ ਪੀਤਾ,
ਹੱਸ ਹੱਸ ਸੂਲ਼ੀ ਚੜ੍ਹਿਆ ਵੇ।

ਪੀੜ ਹਿਜਰ ਦੀ ਸੀਨੇ ਦੇ ਵਿੱਚ,
ਜਦ ਜਦ ਵੀ ਕੁਰਲਾਵੇ ਵੇ।
ਜ਼ਖ਼ਮੀ ਹੋਇਆ ਦਿਲ ਪਰਿੰਦਾ,
ਦਰ ਯਾਦਾਂ ਦਾ ਖੜਕਾਵੇ ਵੇ।

ਦਿਲ ਦੇ ਰੋਗ ਅਵੱਲੇ ਦੱਸਦੇ,
ਜਿਹਨਾਂ ਇਸ਼ਕ ਦੇ ਸੌਦੇ ਕੀਤੇ ਵੇ।
ਅੱਖਾਂ ਵਗਦੀਆਂ ਵਾਂਗ ਖੂਹਾਂ ਦੇ,
ਮੂੰਹ ਗ਼ਮਾਂ ਨੇ ਸੀਤੇ ਵੇ।

ਨੈਣਾਂ ਵਿੱਚੋਂ ਹੰਝੂ ਵਗ ਵਗ,
ਦਿਲ ਦੇ ਖੂਹੇ ਸੁੱਕੇ ਵੇ।
ਪਰ ਨਿਮਾਣੀਏ ਮੇਰੀਏ ਜਿੰਦੇ,
ਨਾ ਸ਼ਿਕਵੇ ਤੇਰੇ ਮੁੱਕੇ ਵੇ।

'ਦੋਹਾ' ਕਾਵਿਕ ਦ੍ਰਿਸ਼ਟੀ ਤੋਂ ਛੋਟੇ ਆਕਾਰ ਦਾ ਸੁਤੰਤਰ ਤੇ ਮੁਕੰਮਲ ਕਾਵਿ–ਰੂਪ ਹੈ। ਪੰਜਾਬ ਦੇ ਲੋਕ ਮਾਨਸ ਨੇ ਆਪਣੇ ਮਨੋਭਾਵਾਂ ਦੇ ਪ੍ਰਗਟਾਅ ਲਈ ਇਸ ਕਾਵਿ ਰੂਪ ਨੂੰ ਬੜੀ ਸ਼ਿੱਦਤ ਨਾਲ਼ ਗਾਇਆ ਹੈ। ਇਹ ਮੁਹੱਬਤਾਂ ਦੇ ਗੀਤ ਹਨ। ਇਸ਼ਕ ਹਕੀਕੀ ਤੇ ਇਸ਼ਕ ਮਜਾਜ਼ੀ ਦੀ ਬਾਤ ਪਾਉਂਦੇ ਹਨ। ਦਰਸ਼ਨ ਤੇ ਸਦਾਚਾਰ ਦੀ ਗੁੜ੍ਹਤੀ ਦਿੰਦੇ ਹਨ। ਅਜੋਕੇ ਦੌਰ ਦੇ ਪੰਜਾਬੀ ਕਵੀਆਂ ਵਿੱਚ ਵੀ ਦੋਹੇ ਰਚਨ ਦਾ ਰਿਵਾਜ਼ ਪ੍ਰਚਲਤ ਹੈ।

ਸੁਲਤਾਨਾ ਬੇਗਮ ਨੇ ਵੀ ਕਾਫ਼ੀ ਗਿਣਤੀ ਵਿੱਚ ਦੋਹੇ ਰਚੇ ਹਨ। ਜਿਨ੍ਹਾਂ ਵਿੱਚ ਅੱਲੜ੍ਹ ਮੁਹੱਬਤ ਦਾ ਬੇਮੁਹਾਰਾ ਵੇਗ ਵੀ ਹੈ, ਸੂਫ਼ੀਆਨਾ ਰੰਗਤ ਵੀ ਹੈ ਤੇ ਸਦਾਚਾਰ ਦੀ ਕਾਸ਼ਨੀ ਵੀ ਸੁੰਗਧੀ ਬਿਖੇਰ ਰਹੀ ਹੈ। ਇਸ ਤੋਂ ਇਲਾਵਾ ਉਸਨੇ ਅਜੋਕੇ ਸਮਾਜਿਕ ਸਰੋਕਾਰਾਂ ਨੂੰ ਵੀ ਆਪਣੀ ਕਵਿਤਾ ਦਾ ਵਿਸ਼ਾ-ਵਸਤੂ ਬਣਾਇਆ ਹੈ।

ਜਾਹ ਵੇ ਦਿਲ ਦੇ ਝੂਠੇ ਰਾਹੀਆ,
ਕੀ ਇਤਬਾਰ ਕਰਾਂ ਮੈਂ ਤੇਰਾ ਵੇ।
ਦੇ ਕੇ ਝੂਠੇ ਚਾਰ ਦਿਲਾਸੇ,
ਘਰ ਮੇਰੇ ਲਾ ਲਿਆ ਡੇਰਾ ਵੇ।

ਇਸ਼ਕ ਕਦੇ ਨਾ ਤੱਕਿਆ ਲੋਕੋ,
ਝੁੱਗੀ, ਮਹਿਲੀਂ, ਢਾਰੇ ਵੇ।
ਸਭ ਸੜੇ ਨੇ ਅੱਗ ਇਸ਼ਕ ਦੀ,
ਹੱਥੀਂ ਫੜ ਅੰਗਿਆਰੇ ਵੇ।

ਪੀੜਾਂ ਦੀ ਮੈਂ ਬੰਨ੍ਹ ਪੋਟਲੀ,
ਸਿਰ ਆਪਣੇ ਤੇ ਚਾਈ ਵੇ।
ਮੌਤ ਨੇ ਵਿੱਚ ਸ਼ਮਸ਼ਾਨੀ ਆ ਕੇ,
ਸਿਰ ਮੇਰੇ ਤੋਂ ਲਾਹੀ ਵੇ।

"ਗਲਜ਼ਾਰਾਂ" ਸੁਲਤਾਨਾ ਬੇਗ਼ਮ ਦਾ ਪੰਜਾਬੀ ਭਾਸ਼ਾ ਵਿੱਚ ਰਚਿਆ ਪਲੇਠਾ ਕਾਵਿ-ਸੰਗ੍ਰਹਿ ਹੈ। ਅਤਿ ਸਰਲ ਭਾਸ਼ਾ ਵਿੱਚ ਰਚੇ, ਮਾਹੀਆ, ਟੱਪੇ, ਢੋਲਾ, ਦੋਹੇ ਤੇ ਗੀਤਾਂ ਦੇ ਸੁਹਜ ਭਰਪੂਰ ਕਾਵਿ-ਸੰਗ੍ਰਹਿ ਦਾ ਪੰਜਾਬੀ ਸਾਹਿਤ ਜਗਤ ਦੇ ਵਿਹੜੇ ਵਿੱਚ ਪ੍ਰਵੇਸ਼ ਕਰਨ ਦੇ ਅਵਸਰ ਤੇ ਜਿੱਥੇ ਮੈਂ ਸੁਲਤਾਨਾ ਬੇਗ਼ਮ ਨੂੰ ਹਾਰਦਿਕ ਮੁਬਾਰਕ ਦੇਂਦਾ ਹਾਂ ਉੱਥੇ ਉਸ ਦੀ ਸੱਜਰੀ ਕਾਵਿ-ਰਚਨਾ ਨੂੰ ਖੁਸ਼-ਆਮਦੀਦ ਆਖਣ ਦੀ ਖ਼ੁਸ਼ੀ ਵੀ ਲੈ ਰਿਹਾ ਹਾਂ।

ਸੁਖਦੇਵ ਮਾਦਪੁਰੀ
94630-34472

ਟੱਪੇ/ਮਾਹੀਆ

ਤਾਰਾ ਟੁੱਟਿਆ ਨਾ ਚੜ੍ਹਦਾ ਏ।
ਰੱਬ ਤੋਂ ਮੈਂ ਨਾ ਡਰਦੀ,
ਡਰ ਦੁਨੀਆਂ ਤੋਂ ਲਗਦਾ ਏ।

ਕੀ ਹਾਲ ਬਣਾ ਰੱਖਿਐ।
ਅਜਿਹਾ ਕਿਹੜਾ ਰੋਗ ਲੱਗਾ,
ਜਿਹੜਾ ਦਿਲ 'ਚ ਛੁਪਾ ਰੱਖਿਐ।

ਕੋਠੇ 'ਤੇ ਡੱਬੀਆਂ ਨੇ।
ਪਲ਼ ਦਾ ਵਸਾਹ ਕੋਈ ਨਾ,
ਫ਼ਿਕਰਾਂ ਕੱਲ੍ਹ ਦੀਆਂ ਲੱਗੀਆਂ ਨੇ।

ਕੂੰਜਾਂ ਦੀਆਂ ਡਾਰਾਂ ਨੇ।
ਇੱਕ ਹੋਵੇ ਦੱਸਾਂ ਜ਼ਾਲਿਮਾਂ,
ਦੁੱਖ ਲੱਖਾਂ 'ਤੇ ਹਜ਼ਾਰਾਂ ਨੇ।

ਛਾਂਵਾਂ ਠੰਢੀਆਂ ਬੋਹੜ ਦੀਆਂ।
ਧੀਆਂ ਸਦਾ ਵੱਸਣ ਸੁਖੀ,
ਇਹੀ ਮਾਂਵਾਂ ਲੋੜਦੀਆਂ।

ਥੋੜ੍ਹੇ ਰਹਿ ਗਏ ਨੇ ਸਾਹ ਮਾਹੀਆ।
ਲਾਰਿਆਂ 'ਚ ਲੰਘੀ ਜ਼ਿੰਦਗੀ,
ਨਹੀਂ ਜਿਊਣ ਦੀ ਚਾਹ ਮਾਹੀਆ।



ਝੂਠੇ ਸੁਪਣੇ ਮੈਂ ਬੁਣਦੀ ਨਾ।
ਨਿਕਲੇ ਜੋ ਹੂਕ ਦਿਲ 'ਚੋਂ,
ਕੰਨ ਲਾਇਆਂ ਵੀ ਸੁਣਦੀ ਨਾ।

ਐਵੇਂ ਦਿਲ 'ਚ ਭੁਲੇਖਾ ਪੈ ਗਿਆ।
ਪਿਆਰ ਵਾਲ਼ਾ ਮੇਰਾ ਸੁਪਨਾ,
ਅੱਧਾ ਤੇ ਅਧੂਰਾ ਰਹਿ ਗਿਆ।

ਅੱਖਾਂ ਆਪਣੀਆਂ ਡੱਕ ਸੋਹਣੀਏ।
ਇਹਨਾਂ 'ਚੋਂ ਸ਼ਰਾਬ ਡੁੱਲ੍ਹਦੀ,
ਪਾ ਕੇ ਬੋਤਲਾਂ 'ਚ ਰੱਖ ਸੋਹਣੀਏ।

ਰਾਂਝਾ ਚਾਕ ਬਣਾ ਦਿੱਤਾ।
ਹੀਰੇ ਮੁੰਡਾਂ ਜੱਟਾਂ ਦਾ,
ਕਿਹੜੇ ਕੰਮੀ ਲਾ ਦਿੱਤਾ।

ਇਹ ਖੇਲ੍ਹ ਕੀ ਰੱਬ ਦੇ ਨੇ।
ਪ੍ਰੀਤ ਵਾਲ਼ੇ ਦੀਪ ਜੱਗ ਵਿੱਚ,
ਟਾਂਵੇ ਟਾਂਵੇ ਹੀ ਜਗਦੇ ਨੇ।

ਰੋੜੀ ਮਾਰ ਨਾ ਜਾਂਦੇ ਦੇ।
ਖੇੜਿਆਂ ਨੇ ਹੀਰ ਲੁੱਟ ਲਈ,
ਸੰਨ੍ਹ ਲਾ ਕੇ ਰਾਂਝੇ ਦੇ।

ਅੱਜ ਗੁੱਡੀਆਂ ਚੜ੍ਹਾਵਾਂਗੇ।
ਧਰਤੀ 'ਤੇ ਪੈਰ ਰੱਖਣੇ,
ਹੱਥ ਅੰਬਰਾਂ ਨੂੰ ਲਾਵਾਂਗੇ।

ਸੁਣ ਦੁੱਖ ਤੂੰ ਬਿਮਾਰਾਂ ਦੇ।
ਇੱਕ ਵਾਰੀ ਮੇਲ ਵੇ ਰੱਬਾ,
ਸੁਣਾਂ ਸ਼ਿਕਵੇ ਯਾਰਾਂ ਦੇ।

ਅਸੀਂ ਯਾਰ ਮਨਾ ਲਿਆ ਏ।
ਬੂਟਾ ਇਸ਼ਕੇ ਦਾ,
ਵਿਹੜੇ ਦਿਲ ਦੇ ਲਾ ਲਿਆ ਏ।

ਹੋਣੀ ਘੋਰ ਲਿਆਓਂਦੀ ਏ।
ਜਿਹੜੀ ਕਦੇ ਨਹੀਂ ਸੋਚੀ,
ਓਹ ਖੇਡ ਖਿਡਾਓਂਦੀ ਏ।

ਮੇਰੇ ਮਰ ਗਏ ਨੇ ਚਾਅ ਲੋਕੋ।
ਅੱਜ ਵਿਛੜੇ ਹਾਂ ਧਰਤੀ ਤੇ,
ਮੇਲੇ ਹੋਣੇ ਦਰਗਾਹ ਲੋਕੋ।

ਨਾ ਹੋਰ ਸਤਾ ਮਾਹੀਆ।
ਰੁੱਖੀ ਸੁੱਖੀ ਖਾ ਲਾਂਗੇ,
ਮੋੜਾ ਵਤਨਾਂ ਨੂੰ ਪਾ ਮਾਹੀਆ।



ਸਾਨੂੰ ਦਿਲੋਂ ਕਿਉਂ ਵਿਸਾਰਿਐ ਤੂੰ।
ਵਿਹੜਾ ਸੁੰਨਾ ਕਰ ਵੇ ਗਿਓਂ,
ਡੇਰਾ ਕਿੱਥੇ ਜਾ ਕੇ ਲਾ ਲਿਐ ਤੂੰ।

ਇੱਕ ਵਾਰ ਤਾਂ ਆ ਜਾ ਤੂੰ।
ਭਾਵੇਂ ਸਾਡੇ ਨਾਲ਼ ਗੱਲ ਨਾ ਕਰੀਂ,
ਮੁੱਖ ਆਪਣਾ ਵਿਖਾ ਜਾ ਤੂੰ।

ਅੰਬ ਵਿਕਦੇ ਨੇ ਰੇੜ੍ਹਿਆਂ ਤੇ।
ਹੀਰ ਮੰਗ ਰਾਂਝੇ ਦੀ,
ਜਾ ਬੈਠੀ ਖੇੜਿਆਂ ਦੇ।

ਔਖੇ ਦੁਨੀਆਂ ਦੇ ਰਾਹ ਲੋਕੋ।
ਬੇੜੀ ਜ਼ਿੰਦਗੀ ਦੀ ਰਹੀ ਡੋਲਦੀ,
ਨਹੀਂ ਮਿਲਿਆ ਮਲਾਹ ਲੋਕੋ।

ਬਾਗੇ ਵਿੱਚ ਆ ਮਾਹੀਆ।
ਅੰਬੀਆਂ ਦੀ ਰੁੱਤ ਆ ਗਈ,
ਤੈਨੂੰ ਮਿਲਣੇ ਦਾ ਚਾਅ ਮਾਹੀਆ।

ਰੁੱਠਾ ਯਾਰ ਮਨਾਉਣਾ ਪਊ।
ਜ਼ਿੰਦਗੀ ਹੈ ਦੋ ਦਿਨ ਦੀ,
ਫੇਰ ਪਿੱਛੋਂ ਪਛਤਾਓਣਾ ਪਊ।

ਮੋੜੇ ਪਿੱਛੇ ਨੂੰ ਪਾ ਮਾਹੀਆ।
ਲੰਬੇ ਪੈਂਡੇ ਜ਼ਿੰਦਗੀ ਦੇ,
ਨਹੀਂ ਮੁਕਣੇ ਇਹ ਰਾਹ ਮਾਹੀਆ।

ਕਿਉਂ ਪਖੰਡ ਪਏ ਕਰਦੇ ਓ।
ਜਿਸਮਾਂ ਦੀਆਂ ਭੁੱਖਾਂ ਨੂੰ,
ਨਾਂ ਇਸ਼ਕੇ ਦੇ ਧਰਦੇ ਓ।

ਐਵੇਂ ਰੁੱਸ ਕੇ ਨਾ ਜਾ ਮਾਹੀਆ।
ਸਾਥੋਂ ਕਿਹੜਾ ਪਾਪ ਹੋ ਗਿਆ,
ਕੀ ਹੋ ਗਿਆ ਗੁਨਾਹ ਮਾਹੀਆ।

ਤੁੱਕੇ ਲਗਦੇ ਨੇ ਕਿੱਕਰਾਂ ਤੇ।
ਰੱਬਾ ਸਾਨੂੰ ਮਾਫ਼ ਕਰੀਂ,
ਸਾਨੂੰ ਮਾਣ ਏ ਮਿੱਤਰਾਂ ਤੇ।

ਐਵੇਂ ਦੂਰ ਕਿਉਂ ਨੱਸਣਾ ਏ।
ਜੇ ਦਿਲ ਵਿੱਚ ਰੱਬ ਵਸਦਾ,
ਤੂੰ ਰੂਹ ਵਿੱਚ ਵੱਸਣਾ ਏ।

ਮੀਂਹ ਪੈਂਦਾ ਏ ਕਾਨਿਆਂ ਤੇ।
ਜਦੋਂ ਆਪਣੇ ਹੀ ਛੱਡ ਗਏ ਨੇ,
ਕੀ ਆਸ ਬੇਗਾਨਿਆਂ ਤੇ।

ਕਿਉਂ ਕਹਿਣੋਂ ਡਰਦੇ ਓ।
ਮੁਹੱਬਤਾਂ ਦਾ ਨਾਂ ਲੈ ਕੇ,
ਵਪਾਰ ਇਸ਼ਕੇ ਦਾ ਕਰਦੇ ਓ।

ਕਦੋਂ ਵਿਛੜੇ ਮਿਲਦੇ ਨੇ।
ਟਾਹਣੀ ਨਾਲ਼ੋਂ ਫੁੱਲ ਟੁੱਟ ਕੇ,
ਮੁੜ ਫੇਰ ਨਾ ਖਿਲਦੇ ਨੇ।

ਕੀ ਦੋਸ਼ ਹੈ ਛੱਲਿਆਂ ਨੂੰ।
ਦਗ਼ਾਬਾਜ਼ ਯਾਰ ਨਿੱਕਲੇ,
ਜਿਹੜੇ ਛੱਡ ਗਏ ਕੱਲਿਆਂ ਨੂੰ।

ਕਿਉਂ ਪਰਦੇਸਾਂ ਨੂੰ ਡੁੱਲ੍ਹਦੇ ਨੇ।
ਹੱਥਾਂ ਦੀਆਂ ਰੋਣ ਮਹਿੰਦੀਆਂ,
ਰੱਤੇ ਸਾਲੂ ਵੀ ਰੁੱਲ਼ਦੇ ਨੇ।

ਮੀਂਹ ਪੈਂਦਾ ਏ ਰੋੜ੍ਹਿਆਂ ਤੇ।
ਕਹਾਣੀ ਮੁਹੱਬਤਾਂ ਦੀ,
ਸਦਾ ਮੁੱਕਦੀ ਵਿਛੋੜਿਆਂ ਤੇ।

ਸਾਨੂੰ ਬਾਹਾਂ ਵਿੱਚ ਬੰਨ੍ਹ ਮਾਹੀਆ।
ਪੁੰਨਿਆਂ ਦੀ ਮੈਂ ਚਾਨਣੀ
ਤੂੰ ਪੁੰਨਿਆਂ ਦਾ ਚੰਨ ਮਾਹੀਆ।

ਬੁੱਕਾਂ ਵਿੱਚ ਦਾਣੇ ਸੀ।
ਪਿਛਲੀਆਂ ਛੱਡ ਸੋਹਣਿਆਂ,
ਓਦੋਂ ਅਸੀਂ ਵੀ ਨਿਆਣੇ ਸੀ।

ਲੀਰਾਂ ਦੀਆਂ ਗੁੱਡੀਆਂ ਨੇ।
ਅੱਖਾਂ ਵਿੱਚ ਆ ਵਸਿਓਂ,
ਨੀਂਦਾਂ ਸਾਡੀਆਂ ਉੱਡੀਆਂ ਨੇ।

ਮਣਕੇ ਗਾਨੀ ਦੇ ਟੁੱਟ ਗਏ ਨੇ।
ਕੱਲੀ ਰਹੀ ਨਾ ਔਲਾਦ ਜਿਨ੍ਹਾਂ ਦੀ,
ਉਹ ਜਿਉਂਦੇ ਹੀ ਮੁੱਕ ਗਏ ਨੇ।

ਬੱਸ ਐਨਾ ਈ ਅਹਿਸਾਨ ਕਰਦੇ।
ਪੁੱਤ ਭਾਵੇਂ ਦੇਵੀਂ ਨਾ ਰੱਬਾ,
ਇੱਕ ਧੀ ਦਾ ਹੀ ਦਾਨ ਕਰਦੇ।

ਕੰਨੀ ਮੁੰਦਰਾਂ ਪਾਈਆਂ ਨੇ।
ਅੱਖੀਆਂ ਨੂੰ ਰੋ ਲੈਣ ਦੇ,
ਬਿਰਹੋਂ ਦੀਆਂ ਜਾਈਆਂ ਨੇ।

ਦੀਵੇ ਬਲ਼ਦੇ ਨੇ ਬਨੇਰਿਆਂ ਤੇ।
ਨਹੀਂ ਲੋਕੋ ਪੁੱਤ ਲੱਭਣੇ,
ਜਾ ਕੇ ਸਾਧਾਂ ਦੇ ਡੇਰਿਆਂ ਤੇ।

ਕਿਉਂ ਸਜ ਸਜ ਬਹਿਨਾ ਏਂ।
ਮਿੱਟੀ ਦਿਆ ਵੇ ਭਾਂਡਿਆ,
ਕਿਉਂ ਮਾਣ ਕਰੇਨਾ ਏਂ।

ਕੀ ਰੌਤਕ ਕਰਦੇ ਨੇ।
ਕਦੇ ਪੀਣ ਪਿਆਲੇ ਜ਼ਹਿਰ ਦੇ,
ਕਦੇ ਸੂਲ਼ੀ ਚੜ੍ਹਦੇ ਨੇ।

ਦਿਲ ਡੂੰਘੇ ਦਰਿਆਵਾਂ ਤੋਂ।
ਉਹਨਾਂ ਦੀ ਵੀ ਕੀ ਜ਼ਿੰਦਗੀ,
ਜਿਹੜੇ ਵਿਛੜੇ ਮਾਂਵਾਂ ਤੋਂ।

ਨਾ ਫੜ ਪਰਛਾਈਆਂ ਨੂੰ।
ਨਹੀਓਂ ਕੋਈ ਯਾਦ ਰੱਖਦਾ,
ਸੜਕਾਂ ਦਿਆਂ ਰਾਹੀਆਂ ਨੂੰ।

ਰੱਬਾ ਸੁਣ ਫ਼ਰਿਆਦਾਂ ਨੂੰ।
ਕਦੋਂ ਤੂੰ ਸਕੂਨ ਦੇਵੇਂਗਾ,
ਦਿਲ ਦਿਆਂ ਦਾਗਾਂ ਨੂੰ।

ਰੋਗ ਇਸ਼ਕੇ ਦੇ ਅਵੱਲੇ ਨੇ।
ਟੁਰ ਜਾਂਦੇ ਯਾਰ ਛੱਡ ਕੇ,
ਹੱਥੀਂ ਰਹਿ ਜਾਂਦੇ ਛੱਲੇ ਨੇ।

ਦੋ ਜੋੜੇ ਪੱਖੀਆਂ ਦੇ।
ਉਡੀਕਾਂ ਹਾਲੇ ਨਹੀਂ ਮੁੱਕੀਆਂ,
ਹੰਝੂ ਮੁੱਕ ਗਏ ਅੱਖੀਆਂ ਦੇ।

ਖੇਤਾਂ 'ਚ ਬਟੇਰੇ ਨੇ।
ਹੰਝੂਓ ਨਾ ਦੱਸੋ ਜੱਗ ਨੂੰ,
ਕੀ ਦੁੱਖੜੇ ਮੇਰੇ ਨੇ।

ਇਹ ਕਹਿਣਾ ਵਡੇਰਿਆਂ ਦਾ।
ਨਾ ਕਦੇ ਇਤਬਾਰ ਕਰਨਾ,
ਫ਼ਸਲੀ ਬਟੇਰਿਆਂ ਦਾ।

ਇਹ ਖੇਲ੍ਹ ਤਕਦੀਰਾਂ ਦੇ।
ਜੱਗ ਵਿੱਚ ਰਹੇ ਮੰਦੜੇ,
ਸਦਾ ਹਾਲ ਨੇ ਹੀਰਾਂ ਦੇ।

ਚੰਨ ਮੱਸਿਆ ਨੂੰ ਦਿਸਦਾ ਨਾ।
ਬੂਟਾ ਇਸ਼ਕੇ ਵਾਲ਼ਾ,
ਕਿਸੇ ਹੱਟੀ ਤੇ ਵਿਕਦਾ ਨਾ।

ਰੱਬਾ ਇਹ ਦਿਲ ਕਿਓਂ ਬਣਾਇਆ ਤੂੰ,
ਮੁਹੱਬਤਾਂ ਨੂੰ ਫ਼ਿਰੇ ਭਾਲ਼ਦਾ,
ਜੱਗ ਪਿੱਛੇ ਲਾਇਆ ਤੂੰ।

ਬਾਗੀਂ ਚਿੜੀਆਂ ਗਾਉਂਦੀਆਂ ਨੇ।
ਲੜਿਆਂ ਨਾ ਕੱਟੇ ਜ਼ਿੰਦਗੀ,
ਯਾਦਾਂ ਓਹਦੀਆਂ ਆਉਂਦੀਆਂ ਨੇ।

ਆਪਾਂ ਤੋੜ ਨਿਭਾਵਾਂਗੇ।
ਹੱਥੀਂ ਰਹੀਂ ਤੂੰ ਛੱਲਿਆ,
ਆਪਾਂ 'ਕੱਠੇ ਈ ਜਾਵਾਂਗੇ।

ਚੁੱਪ ਚਾਪ ਈ ਮਰਦੇ ਨੇ।
ਮੜ੍ਹੀਆਂ ਤੇ ਆਸ਼ਕਾਂ ਦੇ,
ਕਦੋਂ ਦੀਵੇ ਜਗਦੇ ਨੇ।

ਕੀ ਕਹਿਰ ਕਮਾ ਗਈ ਤੂੰ।
ਨੀ ਝੀਲੇ ਚੰਡੀਗੜ੍ਹ ਦੀਏ,
ਕਈ ਆਸ਼ਕ ਖਾ ਗਈ ਤੂੰ।

ਕਿਉਂ ਦੁਨੀਆਂ ਸੜਦੀ ਐ।
ਮੋਤੋਂ ਦੁਨੀਆਂ ਡਰੇ,
ਮੌਤ ਆਸ਼ਿਕਾਂ ਤੋਂ ਡਰਦੀ ਐ।

ਇੱਕ ਦਿਨ ਤਾਂ ਜਾਣਾ ਏ।
ਕਿਉਂ ਮੜ੍ਹੀਆਂ ਤੋਂ ਲੋਕ ਡਰਦੇ,
ਜਿਹੜਾ ਆਖ਼ਰੀ ਟਿਕਾਣਾ ਏ।

ਐਵੇਂ ਅੱਖੀਆਂ ਨਾ ਭਰਿਆ ਕਰ।
ਹੱਥੀਂ ਤੋਰੇ ਸੱਜਣਾਂ ਨੂੰ,
ਐਵੇਂ ਯਾਦ ਨਾ ਕਰਿਆ ਕਰ।

ਠੰਢੀ ਚਲਦੀ ਹਵਾ ਸੋਹਣਿਆ।
ਮੁੱਦਤਾਂ ਤੋਂ ਵਿਛੜੇ ਆਂ,
ਸਾਨੂੰ ਸੀਨੇ ਨਾਲ਼ ਲਾ ਸੋਹਣਿਆ।

ਓਹੀ ਆ ਕੇ ਮਨਾਵੇਗਾ।
ਮਹਿੰਦੀ ਸ਼ਗਨਾਂ ਦੀ,
ਹੱਥੀਂ ਆਪੇ ਲਾਵੇਗਾ।

ਕੀ ਮਹਿੰਦੀ ਲਾਵਾਂ ਮੈਂ।
ਰਾਤਾਂ ਵਿਛੋੜੇ ਵਾਲ਼ੀਆਂ,
ਕਿਹੜੇ ਲੇਖੇ ਪਾਵਾਂ ਮੈਂ।

ਦੀਵੇ ਦੀ ਲੋਅ ਮਾਹੀਆ।
ਇੱਕ ਤੇਰੀ ਯਾਦ ਨਿਸ਼ਾਨੀ ਏ,
ਸਾਥੋਂ ਓਹ ਵੀ ਨਾ ਖੋਹ ਮਾਹੀਆ।

ਮਟਕੇ 'ਚ ਮਧਾਣੀ ਏ।
ਦਿਲਾਂ ਦਿਆਂ ਟੁੱਟਿਆਂ ਦੀ,
ਇੱਕ ਲੰਬੀ ਕਹਾਣੀ ਏ।



ਬੁੱਲ੍ਹੀਆਂ ਤੇ ਹਾਸੇ ਨੇ।
ਦੁਨੀਆਂ ਨੂੰ ਕੀ ਦੱਸੀਏ,
ਜਿਹੜੇ ਗ਼ਮਾਂ ਵਾਲ਼ੇ ਵਾਸੇ ਨੇ।

ਬੰਨ੍ਹ ਸਬਰਾਂ ਦੇ ਟੁੱਟ ਗਏ ਨੇ।
ਗ਼ਮਾਂ ਦੀਆਂ ਕਬਰਾਂ ਤੇ,
ਦੀਵੇ ਸੱਧਰਾਂ ਦੇ ਸੁੱਕ ਗਏ ਨੇ।

ਸੂਰਜ ਆਸਾਂ ਦਾ ਢਲ਼ ਗਿਆ ਏ।
ਛਲੇਡਾ ਇਹ ਦਿਲ ਵਾਲ਼ਾ,
ਸਾਨੂੰ ਪਲ਼ਾਂ ਵਿੱਚ ਛਲ਼ ਗਿਆ ਏ।

ਝੂਠੇ ਦੇ ਨਾ ਦਿਲਾਸੇ ਵੇ।
ਐਨਾ ਕੁ ਦੱਸ ਸੱਜਣਾ,
ਕਿਹੜੇ ਦੇਸੀਂ ਵਾਸੇ ਵੇ।

ਤੈਨੂੰ ਚਿੱਠੀਆਂ ਪਾਵਾਂਗੀ।
ਦਿਲ ਵਾਲ਼ੇ ਹਾਲ਼ ਸੋਹਣਿਆ,
ਲਿਖ ਲਿਖ ਕੇ ਸੁਣਾਵਾਂਗੀ।

ਸਾਡੇ ਮੋੜ ਦੇ ਗ਼ਮ ਮਾਹੀਆ।
ਰੂਹ ਤੇਰੇ ਨਾਲ਼ ਟੁਰ ਗਈ,
ਕੀ ਕਰਨਾ ਇਹ ਚੰਮ ਮਾਹੀਆ।

ਬੱਦਲਾਂ ਦੀਆਂ ਛਾਂਵਾਂ ਨੇ।
ਜਿੰਦੜੀ ਨੂੰ ਗਾਲ਼ ਸੁੱਟਿਆ,
ਦੋ ਪਲ਼ ਦਿਆਂ ਚਾਵਾਂ ਨੇ।

ਕਦੇ ਮੋੜਾ ਵੀ ਪਾਈਂ ਵੇ।
ਉਮੀਦਾਂ ਦੀਆਂ ਅੱਖੀਆਂ ਵਿੱਚ,
ਰਹੂ ਤੇਰੀ ਪਰਛਾਈ ਵੇ।

ਗ਼ਮ ਡਾਢੇ ਪੈ ਗਏ ਨੇ।
ਨਿੱਕੀ ਜਿਹੀ ਜਿੰਦੜੀ ਦੇ,
ਪੈਂਡੇ ਥੋੜ੍ਹੇ ਰਹਿ ਗਏ ਨੇ।

ਸਮੁੰਦਰ ਜੋ ਖਾਰੇ ਨੇ।
ਇਹ ਆਸ਼ਿਕਾਂ ਦੇ ਹੰਝੂ ਲੋਕੋ,
ਜਿਹੜੇ ਇੱਕ ਦੂਜੇ ਤੋਂ ਵਾਰੇ ਨੇ।

ਨਹੀਂ ਇਸ਼ਕ ਸੁਖਾਲ਼ੇ ਵੇ।
ਜਿਸਮਾਂ ਦੇ ਮੁੱਲ ਨਾ ਰਹਿੰਦੇ,
ਪੈਂਦੇ ਰੂਹੀਂ ਛਾਲੇ ਵੇ।

ਰਹੀਆਂ ਕਿਹੜੀਆਂ ਛਾਂਵਾਂ ਨੇ ,
ਵਿਛੋੜੇ ਜਿਹੇ ਪੁੱਤ ਜੰਮ ਤੇ,
ਇਸ਼ਕੇ ਦੀਆਂ ਮਾਂਵਾਂ ਨੇ।





ਛੱਡ ਪਿਛਲੀਆਂ ਗੱਲਾਂ ਵੇ।
ਇੱਕ-ਮਿੱਕ ਹੋ ਜਾਈਏ,
ਵਾਂਗ ਸਾਗਰ ਦੀਆਂ ਛੱਲਾਂ ਵੇ।

ਅਸਾਂ ਕਬਰ ਬਣਾ ਲਈ ਏ।
ਵਿਛੋੜੇ ਵਾਲ਼ੀ ਲਾਸ਼ ਸੋਹਣਿਆਂ,
ਓਹਦੇ ਵਿੱਚ ਲਿਟਾ ਲਈ ਏ।

ਖ਼ਤ ਲਿਖ ਲਿਖ ਪਾੜੇ ਨੇ।
ਵਿਛੋੜੇ ਵਾਲ਼ੀ ਅੱਗ ਵਿੱਚ ਸੋਹਣੀਏ,
ਕਈ ਸੁਪਨੇ ਸਾੜੇ ਨੇ।

ਸਾਨੂੰ ਹਨੇਰੇ ਡਰਾਓਂਦੇ ਨੇ।
ਬਿਰਹੋਂ 'ਚ ਲੰਘੇ ਰਾਤ ਨਾ,
ਗ਼ਮ ਤੇਰੇ ਖਾਂਦੇ ਨੇ।

ਕੋਈ ਦੀਵਾ ਜਗਾ ਮਾਹੀਆ।
ਦੁੱਖਾਂ ਵਾਲ਼ੇ ਨ੍ਹੇਰ ਸੰਘਣੇ,
ਸਾਨੂੰ ਪਾਰ ਲੰਘਾ ਮਾਹੀਆ।

ਅੱਗ ਹੱਟੀ ਨੂੰ ਲਾਈ ਏ।
ਭੁੱਲ ਗਿਆ ਹੋਸ਼ ਬਾਣੀਆ,
ਬੇਗੋ ਨਾਰ ਜੋ ਆਈ ਏ।

ਕਾਂ ਬੋਲਿਆ ਬਨ੍ਹੇਰੇ ਤੇ।
ਮੁਹੱਬਤਾਂ ਦਾ ਰੰਗ ਸੋਹਣਿਆ,
ਜਿਹੜਾ ਸੁੱਟਿਆ ਤੇਰੇ ਤੇ।

ਐਵੇਂ ਵਿਹਲੇ ਰੌਲ਼ੇ ਨੇ।
ਕਦੋਂ ਕਿਸੇ ਵੇਖੇ ਲੋਕੋਂ,
ਰੋਂਦੇ ਕੰਧਾਂ ਤੇ ਕੌਲ਼ੇ ਨੇ।

ਰੁੱਤਾਂ ਸਾਡੀਆਂ ਰੁੜ੍ਹੀਆਂ ਵੇ।
ਲੰਘ ਜਾਣ ਰਾਤਾਂ ਜਿਹੜੀਆਂ,
ਕਦੇ ਫੇਰ ਨਾ ਮੁੜੀਆਂ ਵੇ।

ਦਿਲ ਦੇਣਾ ਗੁਨਾਹ ਹੋਇਆ।
ਦੁਨੀਆਂ ਨੇ ਮੂੰਹ ਮੋੜ ਲਏ,
ਵਿੱਚ ਦੁਨੀਆਂ ਤਨਾਹ ਹੋਇਆ।

ਕੀ ਪਾਪ ਕਮਾਇਐ ਮੈਂ।
ਜੋ ਲਿਖਿਆ ਸੀ ਅਜ਼ਲਾਂ ਤੋਂ,
ਦਿਲ ਉਸੇ ਨਾਲ਼ ਲਾਇਆ ਮੈਂ।

ਲੇਖ ਮਿਟਦੇ ਨਾ ਮਿਟਾਇਆਂ ਵੀ।
ਚਾੜ੍ਹੋ ਭਾਵੇਂ ਲੱਖ ਸੂਲ਼ੀਆਂ,
ਆਸ਼ਿਕ ਮੁੱਕਣੇ ਨਾ ਮੁਕਾਇਆਂ ਵੀ।





ਇਸ਼ਕ ਖੇਡ ਨਿਰਾਲੀ ਏ।
ਹਰ ਕੋਈ ਚਾਹੇ ਹਾਰਨਾ,
ਬਾਜ਼ੀ ਜਿਸ ਨੇ ਵੀ ਲਾ ਲਈ ਏ।

ਭੈੜੇ ਵੇਲੇ ਨਾ ਭੁੱਲ੍ਹਦੇ ਨੇ।
ਹੰਝੂ ਹਿਜਰਾਂ ਦੇ,
ਸਾਰੀ ਉਮਰ ਹੀ ਡੁੱਲ੍ਹਦੇ ਨੇ।

ਰਹੇ ਸਾਗ ਨਾ ਗੰਦਲਾਂ ਦੇ।
ਵਿਛੋੜੇ ਵਿੱਚ ਰੋਜ਼ ਪੈਣ ਜੋ,
ਨਹੀਂ ਇਲਾਜ ਉਹਨਾਂ ਦੰਦਲਾਂ ਦੇ।

ਕਦੇ ਵਿਛੜੇ ਮਿਲਾ ਰੱਬਾ।
ਹੱਥ ਜੋੜ ਅਰਜ਼ ਕਰਾਂ,
ਖ਼ੈਰ ਝੋਲੀ ਪਾ ਰੱਬਾ।

ਤੇਰੇ ਦਰ ਤੇ ਨਾ ਘਾਟਾ ਏ।
ਰੱਬਾ ਸਿਰ ਉਹਨੇ ਕੀ ਕੱਜਣਾ,
ਜੀਹਦਾ ਸਾਲੂ ਈ ਪਾਟਾ ਏ।

ਉਹ ਕਰਮਾਂ ਵਾਲ਼ੇ ਨੇ।
ਮੁਹੱਬਤਾਂ ਦੇ ਲੇਖ ਜਿਨ੍ਹਾਂ,
ਧੁਰ ਉਪਰੋਂ ਲਿਖਾ ਲਏ ਨੇ।

ਸੋਨੇ ਦੀ ਪਰਾਂਦੀ ਏ।
ਲੱਖ ਮੈਂ ਭੁਲਾਇਆ ਸੋਹਣਿਆਂ,
ਤੇਰੀ ਯਾਦ ਨਾ ਜਾਂਦੀ ਏ।

ਬਾਗ਼ੇ ਵਿੱਚ ਖੇਸੀ ਏ।
ਕੀ ਕਰਾਂ ਸਾਵਣਾਂ ਨੂੰ,
ਮੇਰਾ ਚੰਨ ਪਰਦੇਸੀ ਏ।

ਸੀਨੇ ਵੱਜਿਆ ਈ ਡੰਗ ਮਾਹੀਆ।
ਤੱਕਿਆ ਨਾ ਅੱਖ ਚੁੱਕ ਕੇ,
ਗਿਆ ਕੋਲ਼ੋਂ ਦੀ ਲੰਘ ਮਾਹੀਆ।

ਜੋ ਕਹਿਣਾ ਏ ਕਹਿ ਮਾਹੀਆ।
ਰੰਗ ਕੱਚੇ ਮੁਹੱਬਤਾਂ ਦੇ,
ਜਾਣ ਪਲ਼ਾਂ ਵਿੱਚ ਲਹਿ ਮਾਹੀਆ।

ਸਭ ਚਾਲਾਂ ਤੇਰੀਆਂ ਨੇ।
ਛਾਵਾਂ ਠੰਢੀਆਂ ਬਿਠਾਕੇ ਆਸ਼ਿਕਾਂ,
ਮੁੜ ਚਲਾਉਂਦਾ ਨੇਰ੍ਹੀਆਂ ਏ।

ਹੀਰੇ ਇਹ ਕੀ ਗੁਨਾਹ ਕੀਤਾ।
ਹੱਥ ਰਾਂਝੇ ਦਾ ਛੱਡ ਕੇ ਤੂੰ,
ਨਾਲ਼ ਖੇੜੇ ਨਿਕਾਹ ਕੀਤਾ।



ਹੀਰੇ ਕੀ ਖੇਡ ਰਚਾਇਆ ਤੂੰ।
ਮਾਪਿਆਂ ਦੀ ਸਕੀ ਹੋ ਗਈ,
ਰਾਂਝਾ ਯਾਰ ਭੁਲਾਇਆ ਤੂੰ।

ਹੀਰੇ ਕਿਹਾ ਸਾਕ ਬਣਾਇਆ ਤੂੰ।
ਦਿਲ ਦਿਆਂ ਸੱਜਣਾਂ ਨੂੰ,
ਚਾਕ ਮੱਝੀਆਂ ਦਾ ਲਾਇਆ ਤੂੰ।

ਹੀਰੇ ਗੱਲ ਮੁੱਕੇ ਨਾ ਨਬੇੜਿਆਂ ਵੀ।
ਰਾਂਝੇ ਨਾਲ਼ ਤੂੰ ਭੱਜ ਕੇ,
ਪੱਤ ਲਾਹ ਦਿੱਤੀ ਖੇੜਿਆਂ ਦੀ।

ਹੀਰੇ ਨਹੀਂ ਸੀ ਪਿਆਰ ਕਰਨਾ।
ਜੰਝ ਮੋੜ ਦਿੰਦੀ ਖੇੜਿਆਂ ਦੀ,
ਭਾਵੇਂ ਪੈ ਜਾਂਦਾ ਤੈਨੂੰ ਮਰਨਾ।

ਗੱਲ ਕਿਤੇ ਵੀ ਖੜ੍ਹਦੀ ਨਾ।
ਜ਼ਹਿਰ ਖਾ ਕੇ ਮਰ ਜਾਂਦੀ,
ਡੋਲੀ ਖੇੜੇ ਦੀ ਚੜ੍ਹਦੀ ਨਾ।

ਹੀਰੇ ਤੈਨੂੰ ਕਿਸ ਨੇ ਹਟਾਇਆ ਸੀ।
ਮਾਪਿਆਂ ਨੂੰ ਉਦੋਂ ਪੁੱਛਦੀ,
ਜਦੋਂ ਪਿਆਰ ਰਾਂਝੇ ਨਾਲ ਪਾਇਆ ਸੀ।

ਬਿਰਹੋਂ ਵਿੱਚ ਜੀਵਾਂ ਕਿਉਂ।
ਜ਼ਿੰਦਗੀ ਤੋਂ ਮੌਤ ਭਲੀ,
ਜ਼ਹਿਰ ਜ਼ਿੰਦਗੀ ਭਰ ਪੀਵਾਂ ਕਿਉਂ।

ਰੋਹੀ ਦੀਆਂ ਕਿੱਕਰਾਂ ਨੇ।
ਨਾ ਤੂੰ ਕਰ ਸਾਡੀ ਸੋਹਣਿਆਂ,
ਸਾਨੂੰ ਤੇਰੀਆਂ ਫ਼ਿਕਰਾਂ ਨੇ।

ਬੂਟੇ ਸੁੱਕ ਗਏ ਨੇ ਰਾਹਾਂ ਦੇ।
ਕੀ ਮਾਣ ਜਵਾਨੀ ਦਾ,
ਨਹੀਂ ਭਰੋਸੇ ਸਾਹਾਂ ਦੇ।

ਫੁੱਲ ਲੱਗ ਗਏ ਨੇ ਤੋਰੀਆਂ ਦੇ।
ਮੁੱਲ ਭਰਦੇ ਨੇ ਦਿਲ ਲੋਕੋ,
ਅੱਖਾਂ ਦੀਆਂ ਚੋਰੀਆਂ ਦੇ।

ਉੱਡੇ ਰੰਗ ਨੇ ਗੁਲਾਬਾਂ ਦੇ।
ਰੱਖ ਲਿਆ ਦਿਲ ਮੁਨਸ਼ੀ,
ਖਾਤੇ ਖੋਲ੍ਹ ਹਿਜਾਬਾਂ ਦੇ।

ਦਿਲ ਮੁਨਸ਼ੀ ਦਾ ਕੀ ਕਰੀਏ।
ਦਿਲ ਵੱਟੇ ਦਿਲ ਮੰਗਦਾ,
ਕਿਹੜੇ ਖੂਹ ਵਿੱਚ ਡੁੱਬ ਮਰੀਏ।

ਦਿਲਾ ਕੀ ਰੌਲ਼ਾ ਪਾਇਆ ਤੂੰ।
ਹੁਸਨਾਂ ਦੇ ਲੁੱਟ ਕਾਫ਼ਲੇ,
ਆਪੇ ਸ਼ੋਰ ਮਚਾਇਆ ਤੂੰ।

ਡਾਹੇ ਪਲੰਘ ਨਵਾਰੀ ਨੇ।
ਜ਼ਿੰਦਗੀ ਨੂੰ ਵਖ਼ਤ ਪਾਇਆ,
ਦੋ ਪਲ਼ ਦੀ ਯਾਰੀ ਨੇ।

ਐਵੇਂ ਹੰਝੂ ਨਾ ਡੋਲ੍ਹ ਮਾਹੀਆ।
ਇੱਕ ਦਿਨ ਟੁਰ ਜਾਣਾ,
ਕਿਹੜੇ ਵਸਦੇ ਨੇ ਕੌਲ਼ ਮਾਹੀਆ।

ਕੱਠੇ ਮਿਲ ਕੇ ਬਹਿ ਲਈਏ,
ਮੁੱਦਤਾਂ ਤੋਂ ਵਿਛੜੇ ਆਂ,
ਗੱਲ ਦਿਲ ਦੀ ਕਹਿ ਲਈਏ।

ਤੇਰਾ ਰਾਹ ਪਈ ਤੱਕਣੀ ਆਂ।
ਚੌਮੁਖੀਆ ਬਾਲ਼ ਦੀਵਾ,
ਨਿੱਤ ਬਨੇਰੇ ਮੈਂ ਰੱਖਣੀ ਆਂ।

ਕਾਂ ਉੱਡੇ ਨੇ ਬਨੇਰਿਆਂ ਤੋਂ।
ਕੀ ਲੈਣਾ ਲੋਕਾਂ ਨੇ,
ਦੁੱਖਾਂ ਤੇਰਿਆਂ-ਮੇਰਿਆਂ ਤੋਂ।

ਹੁਣ ਬਾਗ਼ ਨਾ ਲੱਭਦੇ ਨੇ।
ਨਾ ਲੱਭਦੀਆਂ ਹੁਣ ਬੇਰੀਆਂ,
ਨਾ ਬਹਾਨੇ ਈ ਲੱਗਦੇ ਨੇ।

ਸਾਡਾ ਲੱਗਦਾ ਨਾ ਦਿਲ ਮਾਹੀਆ।
ਜੇ ਪੈਂਡੇ ਤੈਨੂੰ ਦੂਰ ਲੱਗਦੇ,
ਵਿੱਚ ਸੁਪਨੇ ਈ ਮਿਲ ਮਾਹੀਆ।

ਰੋੜ ਪੈਰਾਂ 'ਚ ਚੁੱਭ ਗਏ ਨੇ।
ਲੋਕਾਂ ਦੇ ਬੋਲ ਮਾਹੀਆ,
ਵਾਂਗ ਤੀਰਾਂ ਖੁੱਭ ਗਏ ਨੇ।

ਪਾਣੀ ਦੀਆਂ ਲਹਿਰਾਂ ਨੇ।
ਮਿੱਤਰਾਂ ਦੀ ਸੁੱਖ ਮੰਗਦੀ,
ਅੱਗੇ ਰੱਬ ਦੀਆਂ ਖ਼ੈਰਾਂ ਨੇ।

ਸਾਨੂੰ ਵੰਡ ਦਿੱਤਾ ਆਬਾਂ ਨੇ।
ਝਨਾਂ ਯਾਰੋ ਲਹਿੰਦੇ ਵਗਦੀ,
ਜਿੱਥੇ ਸੋਹਣੀ ਦੀਆਂ ਯਾਦਾਂ ਨੇ।

ਬਾਗੀਂ ਕੋਇਲਾਂ ਬੋਲਦੀਆਂ।
ਮੇਰੇ ਵਾਂਗੂ ਵੇ ਸੱਜਣਾਂ,
ਦੁੱਖ ਆਪਣੇ ਨੇ ਫੋਲ਼ਦੀਆਂ।

ਕੌਠੇ ਤੇ ਡੱਬੀਆਂ ਨੇ।
ਤੁਰ ਗਏ ਜਹਾਨ ਛੱਡ ਕੇ,
ਪਿੱਛੇ ਪੈੜਾਂ ਵੀ ਨਾ ਛੱਡੀਆਂ ਨੇ।

ਸ਼ੀਸ਼ੇ ਟੁੱਟਿਆਂ ਨਾ ਜੁੜਦੇ ਨੇ।
ਸਮਿਆਂ ਦੇ ਫੇਰ ਚੰਦਰੇ,
ਕਾਹਨੂੰ ਪਿੱਛੇ ਮੁੜਦੇ ਨੇ।

ਕਾਲ਼ੇ ਰੰਗ ਦਾ ਗੁਲਾਬ ਕੋਈ ਨਾ।
ਜ਼ਿੰਦਗੀ ਸੀ ਚਾਰ ਦਿਨ ਦੀ,
ਅਸਾਂ ਰੱਖਿਆ ਹਿਸਾਬ ਕੋਈ ਨਾ।

ਦੀਵੇ ਬਲ਼ਦੇ ਨੇ ਥੜ੍ਹਿਆਂ ਤੇ।
ਯਾਰ ਲੇਖੇ ਜਿੰਦ ਲਾਤੀ,
ਤਰ ਕੱਚਿਆਂ ਘੜਿਆਂ ਤੇ।

ਪੰਨੇ ਜ਼ਿੰਦਗੀ ਦੇ ਪਾੜੇ ਨੇ।
ਤੇਰਾ ਨੀਂ ਕਸੂਰ ਹਾਣੀਆਂ,
ਸਾਡੇ ਲੇਖ ਈ ਮਾੜੇ ਨੇ।

ਝੂਠੇ ਸੁਪਨੇ ਮੈਂ ਬੁਣਦੀ ਨਾ।
ਨਿਕਲੇ ਜੋ ਹੂਕ ਦਿਲ 'ਚੋਂ,
ਕੰਨ ਲਾਇਆਂ ਵੀ ਸੁਣਦੀ ਨਾ।

ਚਿੱਠੀ ਮੋੜ ਨਾ ਪਾਈ ਏ।
ਨਿਰਮੋਹੀਆ ਵੇ ਸੱਜਣਾ,
ਕਦੇ ਯਾਦ ਵੀ ਨਾ ਆਈ ਏ।

ਕੁਝ ਪਿਛਲੀਆਂ ਯਾਦਾਂ ਨੇ।
ਮੁੱਖ ਤੇਰਾ ਤੱਕ ਕੇ ਮਰਾਂ,
ਬੱਸ ਇਹੀ ਫ਼ਰਿਆਦਾਂ ਨੇ।

ਉਹਨੂੰ ਦਿਲ 'ਚ ਵਸਾਇਐ ਮੈਂ।
ਕਿਸੇ ਨੂੰ ਕੀ ਦੋਸ਼ ਦੇਵਾਂ,
ਰੋਗ ਆਪ ਹੀ ਲਾਇਆ ਮੈਂ।

ਬੇੜੀ ਛੱਡ ਕੇ ਮਲਾਹ ਤੁਰ ਗਏ।
ਜ਼ਿੰਦਗੀ ਦੇ ਚੱਪੂਆਂ ਨੂੰ,
ਸਾਡੇ ਹੱਥਾਂ 'ਚ ਫੜਾ ਤੁਰ ਗਏ।

ਸਾਡੀ ਮੋੜ ਇਨਾਂ ਮਾਹੀਆ।
ਮੇਰਾ ਡੁੱਬਣ ਨੂੰ ਜੀ ਕਰਦਾ,
ਮੈਨੂੰ ਸੋਹਣੀ ਬਣਾ ਮਾਹੀਆ।

ਤੇਰੇ ਸਿਰ 'ਚ ਸਵਾਹ ਕਾਜ਼ੀ।
ਚਾਂਦੀ ਦੇ ਸਿੱਕਿਆ ਲਈ,
ਝੂਠਾ ਪੜ੍ਹਿਆ ਨਿਕਾਹ ਕਾਜ਼ੀ।

ਰੱਬਾ ਇਹ ਕੀ ਗੁਨਾਹ ਕੀਤਾ।
ਮੰਗ ਸੀ ਮੈਂ ਰਾਂਝੇ ਦੀ,
ਰਾਹ ਖੇੜਿਆਂ ਦੇ ਪਾ ਦਿੱਤਾ।

ਮਨਾ ਬੋਹੜ ਦੀ ਛਾਂ ਬਹੀਏ।
ਦਿਲਾਂ ਦੇ ਦੁਖੜੇ ਨੇ,
ਲੋਕਾਂ ਨੂੰ ਕੀ ਕਹੀਏ।

ਟੁੱਟੇ ਹਲ਼ਾਂ ਦੇ ਮੁੰਨੇ ਨੇ।
ਤੁਰ ਗਈਆਂ ਧੀਆਂ ਸੋਹਰੇ,
ਘਰ ਬਾਬਲਾਂ ਦੇ ਸੁੰਨੇ ਨੇ।

ਬੂਹੇ ਦਿਲਬਰ ਨੇ ਭੇੜੇ ਨੇ।
ਬਣਦੇ ਬਹਾਨੇ ਦੋਸਤੋਂ,
ਪੁੱਠੇ ਕਰਮਾਂ ਦੇ ਗੇੜੇ ਨੇ।

ਛੋਲੇ ਫੁੱਲ੍ਹੇ ਨੇ ਰਾਹਾਂ ਤੇ।
ਇੱਕ ਵਾਰੀ ਆ ਸੱਜਣਾਂ,
ਜਿੰਦ ਆਖ਼ਰੀ ਸਾਹਾਂ ਤੇ।

ਕਿਸ ਗੱਲ ਦਾ ਗੁਮਾਨ ਹੋਇਆ।
ਸਾਥ ਛੱਡ ਉਮਰਾਂ ਦਾ,
ਇੱਕ ਪਲ਼ 'ਚ ਮਹਿਮਾਨ ਹੋਇਆ।

ਇੱਟਾਂ ਕੱਚੀਆਂ ਵਾਂਗ ਖੁਰੇ।
ਦਿਨਾਂ ਵਿੱਚ ਮਾਪੇ ਮੁੱਕਦੇ,
ਹੁੰਦੇ ਧੀਆਂ ਦੇ ਦੁੱਖ ਬੁਰੇ।

ਘਰ ਬਣਦੇ ਨਾ ਤੀਲ੍ਹਾਂ ਦੇ।
ਡਾਢਿਆਂ ਦੇ ਝੂਠ ਸੱਚ ਨੇ,
ਮੁੱਲ ਪੈਂਦੇ ਨਾ ਦਲੀਲਾਂ ਦੇ।

ਹੱਥ ਧਰਿਆਂ ਵੀ ਦੁੱਖਦੇ ਨੇ।
ਸੂਲਾਂ ਜਿਹੇ ਬੋਲ਼ ਸੱਜਣਾਂ,
ਵਾਂਗ ਕੋਲ਼ਿਆ ਧੁੱਖਦੇ ਨੇ।

ਹਾਂ ਕਰਕੇ ਵੀ ਆਇਆ ਨਾ।
ਦਗ਼ਾਬਾਜ਼ ਯਾਰ ਨਿਕਲੇ,
ਵਾਦਾ ਕਰਕੇ ਨਿਭਾਇਆ ਨਾ।

ਨਾ ਅੱਥਰੂ ਵਹਾ ਮਾਹੀਆ।
ਮਿੱਟੀ ਵਿੱਚ ਰੁਲ਼ ਜਾਣਗੇ,
ਨਹੀਂ ਬਣਨੇ ਗਵਾਹ ਮਾਹੀਆ।

ਹੁਣ ਕਬਰਾਂ ਉਡੀਕਦੀਆਂ।
ਮੁੜ ਆ ਘਰ ਸੱਜਣਾਂ,
ਲੀਕਾਂ ਕੰਧਾਂ ਉੱਤੇ ਲੀਕਦੀਆਂ।



ਝੂਠੇ ਸੁਪਣੇ ਸਜਾ ਬੈਠਾ।
ਬੇ-ਵਫ਼ਾ ਸੱਜਣਾਂ ਲਈ,
ਜੂਆ ਜਿੰਦੜੀ ਦਾ ਲਾ ਬੈਠਾ।

ਇਹ ਕੈਸਾ ਗੁਨਾਹ ਲੋਕੋ।
ਕੱਚਿਹਰੀ ਮੁਹੱਬਤਾਂ ਦੀ,
ਨਹੀਂ ਦਿਲ ਵੀ ਗਵਾਹ ਲੋਕੋ।

ਕੋਈ ਦਰਦ ਵੰਡਾ ਜਾਵੇ।
ਛੱਲਾ ਯਾਦਾਂ ਦਾ,
ਸਾਡੇ ਦਿਲ ਤੋਂ ਲਾਹ ਜਾਵੇ।

ਆ ਸੁਣ ਜਾ ਕਾਂਵਾ ਵੇ।
ਦੇ ਸੁਨੇਹਾ ਤੱਤੜੀ ਦਾ,
ਤੈਨੂੰ ਦੇਵਾਂ ਦੁਆਵਾਂ ਵੇ।

ਮੂੰਹ ਮੋੜ ਨਾ ਲੰਘੀਦਾ।
ਦਿਲ ਆਈ ਕਹਿ ਦੇਈਏ,
ਨਹੀਂ ਐਵੇਂ ਸੰਗੀਦਾ।

ਹੁਣ ਸ਼ਿਕਵੇ ਕਰਦੇ ਓ।
ਅਸੀਂ ਜ਼ਰਾ ਦੂਰ ਜਾਈਏ,
ਫੇਰ ਅੱਖੀਆਂ ਭਰਦੇ ਓ।

ਨਹੀਂ ਵੱਸ ਵਿੱਚ ਦਿਲ ਮੇਰੇ।
ਯਾਦਾਂ ਦੇ ਖੰਭ ਲਗਾ,
ਆ ਖੜ੍ਹਦਾ ਹੈ ਦਰ ਤੇਰੇ।

ਬਿਰਹੋਂ ਦਾ ਜਾਇਆ ਏ।
ਇਹ ਦਰਦ ਹੈ ਆਪਣੇ ਦਾ,
ਤਾਂ ਹੀ ਸੀਨੇ ਲਾਇਆ ਏ।

ਸੀਨੇ ਯਾਦਾਂ ਦੀਆਂ ਛੁਰੀਆਂ ਨੇ।
ਅੱਖੀਆਂ ਵਿੱਚ ਹੰਝੂ ਲੈ,
ਕਬਰਾਂ ਨੂੰ ਤੁਰੀਆਂ ਨੇ।

ਸਾਨੂੰ ਦਿਲਾਸਾ ਦੇ ਗਿਆ ਕੋਈ।
ਭਾਵੇਂ ਝੂਠਾ ਹੀ ਰੱਬਾ,
ਪਲ਼ ਦਾ ਹਾਸਾ ਦੇ ਗਿਆ ਕੋਈ।



ਢੋਲਾ/ਮਾਹੀਆ

ਢੋਲਾ ਵੇ ਢੋਲਾ, ਹਾਏ ਢੋਲਾ।
ਬਜ਼ਾਰ ਵਿਕੇਂਦਾ ਸੱਪ ਵੇ।
ਤੂੰ ਮਾਰਦਾ ਏਂ ਨਿਗੀ-ਪੁਰੀ ਗੱਪ ਵੇ।
ਤੂੰ ਨਿਰਾ ਗਪੌੜੀ...ਹਾਏ ਢੋਲਾ।

ਢੋਲਾ ਵੇ ਢੋਲਾ, ਹਾਏ ਢੋਲਾ।
ਬਜ਼ਾਰ ਵਿਕੇਂਦਾ ਟੱਲ ਵੇ।
ਕਦੇ ਤੱਕਿਆ ਤਾਂ ਕਰ ਸਾਡੇ ਵੱਲ ਵੇ।
ਦਿਆਂ ਦਿਲ ਨਜ਼ਰਾਨਾ...ਹਾਏ ਢੋਲਾ।

ਢੋਲਾ ਵੇ ਢੋਲਾ, ਹਾਏ ਢੋਲਾ।
ਬਜ਼ਾਰ ਵਿਕੇਂਦਾ ਕਿੱਲ ਵੇ।
ਗੱਲ੍ਹਾਂ ਗੋਰੀਆਂ ਤੇ ਜਿਹੜਾ ਤਿਲ ਵੇ।
ਸਾਡੀ ਜਾਨ ਕੱਢ ਲੈਂਦਾ...ਹਾਏ ਢੋਲਾ।

ਢੋਲਾ ਵੇ ਢੋਲਾ, ਹਾਏ ਢੋਲਾ।
ਬਜ਼ਾਰ ਵਿਕੇਂਦੀ ਰਾਈ ਵੇ।
ਅੱਖ ਜਦੋਂ ਦੀ ਤੇਰੇ ਨਾਲ਼ ਲਾਈ ਵੇ।
ਸਾਨੂੰ ਨੀਦਰਾਂ ਨੀ ਆਉਂਦੀਆਂ...ਹਾਏ ਢੋਲਾ।

ਢੋਲਾ ਵੇ ਢੋਲਾ, ਹਾਏ ਢੋਲਾ।
ਬਜ਼ਾਰ ਵਿਕੇਂਦੀ ਨੱਥ ਵੇ।
ਐਵੇਂ ਦਿਲ ਨੂੰ ਨਾ ਸਾਂਭ ਸਾਂਭ ਰੱਖ ਵੇ।
ਦੇ ਪਿਆਰ ਨਿਸ਼ਾਨੀ...ਹਾਏ ਢੋਲਾ।

ਢੋਲਾ ਵੇ ਢੋਲਾ...ਹਾਏ ਢੋਲਾ।
ਬਜ਼ਾਰ ਵਿਕੇਂਦੀ ਲੋਈ ਵੇ।
ਮੇਰੇ ਸੁਪਨੇ 'ਚ ਆ ਗਿਆ ਕੋਈ ਵੇ।
ਵੇ ਤੂੰ ਕਿੱਧਰ ਗਿਆ ਸੀ...ਹਾਏ ਢੋਲਾ।

ਢੋਲਾ ਵੇ ਢੋਲਾ...ਹਾਏ ਢੋਲਾ।
ਬਜ਼ਾਰ ਵਿਕੇਂਦਾ ਦਾਣਾ ਵੇ।
ਤੁਸਾਂ ਸੱਦਣਾ ਤੇ ਅਸੀਂ ਨਹੀਂ ਆਉਣਾ ਵੇ।
ਡਰ ਮਾਪਿਆਂ ਤੋਂ ਲਗਦਾ...ਹਾਏ ਢੋਲਾ।

ਢੋਲਾ ਵੇ ਢੋਲਾ...ਹਾਏ ਢੋਲਾ।
ਬਜ਼ਾਰ ਵਿਕੇਂਦੀ ਖਲ਼ ਵੇ।
ਇਹ ਵੇਲ਼ਾ ਨਹੀਂ ਆਉਣਾ ਕੱਲ੍ਹ ਵੇ।
ਅੱਜ ਢੋਲੇ ਗਾਈਏ...ਹਾਏ ਢੋਲਾ।

ਢੋਲਾ ਵੇ ਢੋਲਾ...ਹਾਏ ਢੋਲਾ।
ਬਜ਼ਾਰ ਵਿਕੇਂਦੀ ਪੱਗ ਵੇ।
ਨਹੀਂ ਤੇਰੇ ਜਿਹਾ ਦੁਨੀਆਂ ਤੇ ਠੱਗ ਵੇ।
ਸਾਡਾ ਦਿਲ ਹੈ ਚੁਰਾਇਆ...ਹਾਏ ਢੋਲਾ।

ਢੋਲਾ ਵੇ ਢੋਲਾ...ਹਾਏ ਢੋਲਾ।
ਬਜ਼ਾਰ ਵਿਕੇਂਦਾ ਸੱਕ ਵੇ।
ਭੈੜੇ ਲੋਕੀ ਨੇ ਕਰਦੇਂ ਸ਼ੱਕ ਵੇ।
ਚੱਲ ਉੱਡ ਪੁੱਡ ਚੱਲੀਏ...ਹਾਏ ਢੋਲਾ।

ਢੋਲਾ ਵੇ ਢੋਲਾ...ਹਾਏ ਢੋਲਾ
ਬਜ਼ਾਰ ਵਿਕੇਂਦਾ ਏ ਢੱਕ ਵੇ
ਅੱਖ ਮਾਰਾਂ ਤੇ ਵੱਟਦਾ ਏਂ ਨੱਕ ਵੇ।
ਸਾਨੂੰ ਆਪਣਾ ਬਣਾ ਲੈ...ਹਾਏ ਢੋਲਾ।

ਢੋਲਾ ਵੇ ਢੋਲਾ...ਹਾਏ ਢੋਲਾ
ਬਜ਼ਾਰ ਵਿਕੇਂਦਾ ਏ ਅੰਬ ਵੇ।
ਤੇਰੇ ਮੋਤੀਆਂ ਵਰਗੇ ਦੰਦ ਵੇ।
ਥੋੜ੍ਹਾ ਹੱਸ ਕੇ ਵਿਖਾ ਦੇ...ਹਾਏ ਢੋਲਾ

ਢੋਲਾ ਵੇ ਢੋਲਾ...ਹਾਏ ਢੋਲਾ
ਬਜ਼ਾਰ ਵਿਕੇਂਦੀ ਤਰ ਵੇ।
ਹੱਥ ਫੜਿਐ ਤਾਂ ਨਾ ਹੁਣ ਡਰ ਵੇ।
ਹੁਣ ਸਾਥ ਨਿਭਾਵੀਂ...ਹਾਏ ਢੋਲਾ।

ਢੋਲਾ ਵੇ ਢੋਲਾ...ਹਾਏ ਢੋਲਾ
ਬਜ਼ਾਰ ਵਿਕੇਂਦੀ ਵੰਗ ਵੇ।
ਬਾਂਹ ਫੜਦੈਂ ਤੇ ਲਗਦੀ ਸੰਗ ਵੇ।
ਮੇਰੀ ਵੰਗ ਟੁੱਟ ਜਾਊਗੀ...ਹਾਏ ਢੋਲਾ।

ਢੋਲਾ ਵੇ ਢੋਲਾ...ਹਾਏ ਢੋਲਾ
ਬਜ਼ਾਰ ਵਿਕੇਂਦਾ ਹਲ਼ ਵੇ।
ਹੁਣ ਦਿਨ ਜਾਣਾ ਏ ਢਲ਼ ਵੇ।
ਹੁਣ ਜਾਣ ਦੇ ਤੂੰ ਮੈਨੂੰ ...ਹਾਏ ਢੋਲਾ

ਢੋਲਾ ਵੇ ਢੋਲਾ-ਹਾਏ ਢੋਲਾ
ਬਜ਼ਾਰ ਵਿਕੇਂਦੀ ਖੰਡ ਵੇ।
ਤੈਨੂੰ ਤੱਕਿਆ ਤਾਂ ਸੀਨੇ ਪਈ ਠੰਢ ਵੇ।
ਸਾਨੂੰ ਦਿਲ 'ਚ ਵਸਾ ਲੈ-ਹਾਏ ਢੋਲਾ।

ਢੋਲਾ ਵੇ ਢੋਲਾ-ਹਾਏ ਢੋਲਾ
ਬਜ਼ਾਰ ਵਿਕੇਂਦਾ ਰੁਮਾਲ ਵੇ।
ਮੈਂ ਸੋਹਣੀ ਤੇ ਤੂੰ ਮਹੀਂਵਾਲ ਵੇ।
ਆ ਜਾ ਕੱਚੇ ਘੜੇ ਤਰੀਏ-ਹਾਏ ਢੋਲਾ।

ਢੋਲਾ ਵੇ ਢੋਲਾ-ਹਾਏ ਢੋਲਾ
ਬਜ਼ਾਰ ਵਿਕੇਂਦੀ ਵੰਗ ਵੇ।
ਤੇਰਾ ਕਾਲ਼ਾ-ਕਾਲ਼ਾ ਰੰਗ ਵੇ।
ਚੱਲ ਕਲ਼ੀ ਕਰਵਾਈਏ-ਹਾਏ ਢੋਲਾ

ਢੋਲਾ ਵੇ ਢੋਲਾ-ਹਾਏ ਢੋਲਾ
ਬਜ਼ਾਰ ਵਿਕੇਂਦਾ ਖੂਹ ਵੇ।
ਮੇਰੇ ਹੱਡਾਂ ਵਿੱਚ ਵੱਸੇ ਤੇਰੀ ਰੂਹ ਵੇ।
ਅਸੀਂ ਇੱਕ-ਮਿੱਕ ਹੋਈਏ-ਹਾਏ ਢੋਲਾ

ਢੋਲਾ ਵੇ ਢੋਲਾ-ਹਾਏ ਢੋਲਾ
ਬਜ਼ਾਰ ਵਿਕੇਂਦਾ ਟੱਲ ਵੇ।
ਕਿਓਂ ਆਇਆ ਨਾ ਸੱਜਣਾ ਕੱਲ੍ਹ ਵੇ।
ਤੂੰ ਦਗ਼ਾ ਕਮਾਇਐ-ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਰੂੰ ਵੇ।
ਮੇਰਾ ਲਗਦਾ ਏਂ ਦੱਸ ਕੀ ਤੂੰ ਵੇ।
ਮੈਨੂੰ ਪੁੱਛਦੇ ਨੇ ਲੋਕੀ–ਹਾਏ ਢੋਲਾ

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਟਿੰਡ ਵੇ।
ਤੂੰ ਛੱਡਦਾ ਨੀ ਆਪਣੀ ਹਿੰਡ ਵੇ।
ਕਿਵੇਂ ਹੋਉ ਗੁਜ਼ਾਰਾ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਖਲ਼ ਵੇ।
ਹੁਣ ਗਿਆ ਦੁਪਹਿਰਾ ਢਲ਼ ਵੇ।
ਚੱਲ ਮੇਲੇ ਚੱਲੀਏ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਗਾਨੀ ਵੇ।
ਸਾਡਾ ਰੁੱਸਿਆ ਫਿਰੇ ਦਿਲ ਜਾਨੀ ਵੇ।
ਦੱਸ ਕਿਵੇਂ ਮਨਾਵਾਂ–ਹਾਏ ਢੋਲਾ

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਤੋਰੀ ਵੇ।
ਅਸੀਂ ਮਿਲਦੇ ਆਂ ਚੋਰੀ–ਚੋਰੀ ਵੇ।
ਚੱਲ ਵਿਆਹ ਕਰਵਾਈਏ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਖਿੱਲ ਵੇ।
ਕਦੇ ਬਾਗੀਂ ਆ ਕੇ ਮਿਲ ਵੇ।
ਰੁੱਤ ਅੰਬੀਆਂ ਦੀ ਆਈ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਕਹੀ ਵੇ।
ਅਸੀਂ ਸੁਣ ਲਈ ਜੋ ਤੁਸਾਂ ਕਹੀ ਜੇ।
ਸੀਨੇ ਤੀਰ ਵਾਂਗੂ ਲੱਗੀ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਲੋ ਵੇ।
ਕਦੇ ਨੇੜੇ ਤਾਂ ਆ ਕੇ ਖਲੋ ਵੇ।
ਰਹੋਂ ਦੂਰ–ਦੂਰ ਕਿਓਂ–ਹਾਏ ਢੋਲਾ

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੇ ਫੁੱਲ ਵੇ।
ਤੇਰੇ ਇਸ਼ਕ 'ਚ ਗਏ ਅਸੀਂ ਰੁੱਲ ਵੇ।
ਗਿਆ ਤੁਰ ਪਰਦੇਸੀਂ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦਾ ਕੱਖ ਵੇ।
ਸਾਨੂੰ ਲਾ ਸੀਨੇ ਨਾਲ਼ ਰੱਖ ਵੇ।
ਮਾੜਾ ਬੜਾ ਜ਼ਮਾਨਾ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਚਾਹ ਵੇ।
ਨਹੀਂ ਜਿੰਦੜੀ ਦਾ ਕੋਈ ਵਸਾਹ ਵੇ।
ਦਿਨ ਲੰਘਦੇ ਜਾਵਣ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦਾ ਦੁੱਧ ਵੇ।
ਵਿੱਚ ਇਸ਼ਕੇ ਨਾ ਰਹੀ ਸਾਨੂੰ ਸੁੱਧ ਵੇ।
ਬੜਾ ਰੋਗ ਅਵੱਲਾ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਟਾਈ ਵੇ।
ਸੰਹੁ ਜਿਉਣ ਮਰਨ ਦੀ ਖਾਈ ਵੇ।
ਕਦੇ ਨਜ਼ਰ ਨਾ ਲੱਗੇ–ਹਾਏ ਢੋਲਾ

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਕਾਰ ਵੇ।
ਮੈਂ ਤੇਰੇ ਲਈ ਕਰਦੀ ਸ਼ਿੰਗਾਰ ਵੇ।
ਮੇਰਾ ਹੋਰ ਨਾ ਕੋਈ–ਹਾਏ ਢੋਲਾ

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਸੂਈ ਵੇ।
ਵੱਢੇਂ ਚੁੰਢੀ ਤੇ ਨਿਕਲੇ ਊਈ ਵੇ।
ਕਿਉਂ ਕਰੇਂ ਸ਼ਰਾਰਤ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦਾ ਟੱਲ ਵੇ।
ਜੀ ਲਗਦਾ ਨਾ, ਕਿਧਰੇ ਨੂੰ ਚੱਲ ਵੇ।
ਹੋਈਏ ਮੈਂ ਤੇ ਤੂੰ ਹੀ–ਹਾਏ ਢੋਲਾ

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਦਾਖ ਵੇ।
ਸਾਡਾ ਜਨਮ–ਜਨਮ ਦਾ ਸਾਥ ਵੇ।
ਨਾ ਪੈਣ ਵਿਛੋੜੇ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦਾ ਤਿਲ ਵੇ।
ਅੱਖਾਂ ਮੇਰੀਆਂ 'ਚ ਗਿਐਂ ਘੁਲ ਮਿਲ ਵੇ।
ਕਰਾਂ ਰੋਜ਼ ਦੀਦਾਰੇ–ਹਾਏ ਢੋਲਾ

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਗਾਂ ਵੇ।
ਹਰ ਸਾਹ ਵਿੱਚ ਤੇਰਾ ਨਾਂ ਵੇ।
ਵਿੱਚ ਰੋਮ ਸਮਾਇਆ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦਾ ਬਿਲ ਵੇ।
ਗ਼ਮ ਵੱਸ ਗਿਆ ਸਾਡੇ ਦਿਲ ਵੇ।
ਮਾਰੇ ਤੇਰਾ ਵਿਛੋੜਾ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ।
ਬਜ਼ਾਰ ਵਿਕੇਂਦੀ ਗੁਲਕੰਦ ਵੇ।
ਕਿਉਂ ਦਿਲ ਵਿੱਚ ਪਾਈ ਕੰਧ ਵੇ।
ਕਿਉਂ ਸ਼ਰੀਕ ਬਣਾਇਐ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ।
ਬਜ਼ਾਰ ਵਿਕੇਂਦੀ ਗੁੱਤ ਵੇ।
ਧੀਆਂ ਮਾਰੀਆਂ ਤੇ ਜੰਮੇ ਪੁੱਤ ਵੇ।
ਕਿਹਾ ਜ਼ੁਲਮ ਕਮਾਵੇ–ਜੱਗ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ।
ਬਜ਼ਾਰ ਵਿਕੇਂਦੇ ਰੁੱਖ ਵੇ।
ਹੋਣ ਬਿਰਹੋਂ ਦੇ ਭੈੜੇ ਦੁੱਖ ਵੇ।
ਜਿਹੜੇ ਮੌਤੋਂ ਮਾੜੇ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦਾ ਜਲ ਵੇ।
ਸਾਡੇ ਹੰਝੂਆਂ ਨੂੰ ਪੈਂਦੀ ਨਾ ਠੱਲ੍ਹ ਵੇ।
ਕਦੇ ਦੇ ਦਿਲਾਸੇ–ਹਾਏ ਢੋਲਾ

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦਾ ਦਰ ਵੇ।
ਅਸੀਂ ਜਿਉਂਦੇ ਹੀ ਗਏ ਮਰ ਵੇ।
ਝੂਠੀ ਤੋਹਮਤ ਲਾਈ–ਹਾਏ ਢੋਲਾ

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਛੜ ਵੇ।
ਪਿੱਟਾਂ ਕੋਠੇ ਢਿੰਢੋਰਾ ਚੜ੍ਹ ਵੇ।
ਮੈਂ ਹੋਈ ਮਸਤਾਨੀ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੀ ਇੱਟ ਵੇ।
ਸਾਨੂੰ ਵਾਂਗ ਨਾ ਗ਼ੈਰਾਂ ਸਿੱਟ ਵੇ।
ਕਿਹਾ ਪਿਆਰ ਤੂੰ ਪਾਇਆ–ਹਾਏ ਢੋਲਾ

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦੇ ਪਾਵੇ ਵੇ।
ਜੁੱਤੀ ਤੰਗ ਨਾ ਤੁਰਿਆ ਜਾਵੇ ਵੇ।
ਕੋਈ ਮੋਟਰ ਕਾਰ ਕਰਾ ਢੋਲਾ–ਹਾਏ ਢੋਲਾ।

ਢੋਲਾ ਵੇ ਢੋਲਾ–ਹਾਏ ਢੋਲਾ
ਬਜ਼ਾਰ ਵਿਕੇਂਦਾ ਅੱਕ ਵੇ।
ਸਾਡਾ ਗੰਦਲ ਵਰਗਾ ਲੱਕ ਵੇ।
ਸਾਥੋਂ ਭਾਰ ਨਾ ਹੁੰਦਾ ਚੱਕ ਢੋਲਾ ।

ਢੋਲਾ ਵੇ ਢੋਲਾ–ਹਾਏ ਢੋਲਾ।
ਬਜ਼ਾਰ ਵਿਕੇਂਦੀ ਮੰਜੀ ਵੇ।
ਸਾਨੂੰ ਚਾਂਦੀ ਦੀ ਲੈ ਦੇ ਕੰਘੀ ਵੇ।
ਨਾਲ਼ੇ ਰਾਣੀ ਹਾਰ ਬਣਾ ਢੋਲਾ।

ਦੋਹੇ

ਇਸ਼ਕ ਦੀ ਰਮਜ਼ ਤਾਂ ਓਹੀ ਜਾਣੇ,
ਜੀਹਨੇ ਇਸ਼ਕ ਦਾ ਪੱਲਾ ਫੜਿਆ ਵੇ।
ਭਰ ਭਰ ਜ਼ਹਿਰ ਪਿਆਲਾ ਪੀਤਾ,
ਹੱਸ-ਹੱਸ ਸੂਲ਼ੀ ਚੜ੍ਹਿਆ ਵੇ।

ਭੁਲੀ ਵਿਸਰੀ ਯਾਦ ਜਦੋਂ ਆ,
ਖੂਹ ਨੈਣਾਂ ਦੇ ਗੇੜੇ ਵੇ।
ਸੱਧਰਾਂ ਦੀ ਇੱਕ ਲਾਸ਼ ਮੈਂ ਡਿੱਠੀ,
ਵਿੱਚ ਹਿਜਰਾਂ ਦੇ ਵੇਹੜੇ ਵੇ।

ਦੰਭ, ਝੂਠ, ਫ਼ਰੇਬ ਦੇ ਚੁੱਕੇ,
ਸਿਰ ਤੇ ਬੋਝੇ ਭਾਰੇ ਵੇ।
ਦੋਜ਼ਖ਼ ਦੀ ਅੱਗ ਪਾਈ ਬੋਝੇ,
ਕੀ ਕਰਨਗੇ ਲੇਖ ਵਿਚਾਰੇ ਵੇ।

ਲੇਖਾਂ ਦੇ ਸਿਰ ਸੁੱਟ ਦਿੰਦੇ ਨੇ,
ਆਪਣੇ ਮੰਦੜੇ ਕਾਰੇ ਵੇ।
ਆਪ ਚੰਗੇ ਜੱਗ ਮਾੜਾ ਦੱਸਦੇ,
ਕਰ ਕਰ ਮੂੰਹ ਵਿਚਾਰੇ ਵੇ।

ਜੇ ਆਸ਼ਿਕ ਮੁੱਲ ਵੇਚਣਾ ਪੈ ਜੇ,
ਲੋਕੋਂ ਕੁਝ ਨਹੀਂ ਵੱਟੀਦਾ।
ਮੈਂ ਤੱਕਿਆ ਯੂਸਫ਼ ਮੁੱਲ ਵਿਕਦਾ,
ਬੱਸ ਮੁੱਲ ਪਿਆ ਇੱਕ ਅੱਟੀ ਦਾ।

ਧੰਨ ਜੋਬਨ ਵੀ ਰੋਏ ਲੋਕੋ,
ਜਦ ਬਾਬਰ ਚੜ੍ਹ ਕੇ ਆਇਆ ਵੇ।
ਕੱਖਾਂ ਵਾਂਗੂ ਰੁਲ਼ਿਆ ਜੋਬਨ,
ਜਿਨ੍ਹਾਂ ਬਹਿ ਬਹਿ ਹੁਕਮ ਚਲਾਇਆ ਵੇ।

ਬੇਲੇ ਦੇ ਵਿੱਚ ਹੀਰ ਸਲੇਟੀ,
ਪਈ ਰਾਂਝੇ ਨੂੰ ਸਮਝਾਵੇ ਵੇ।
ਆ ਰਾਂਝਾ ਉਠ ਭੱਜ ਚਲੀਏ,
ਅੱਜ ਪੇਸ਼ ਨਾ ਮੇਰੀ ਜਾਵੇ ਵੇ।

ਆਖੇ ਰਾਂਝਾ ਹੀਰ ਸੋਹਣੀਏ,
ਅਸਾਂ ਇਸ਼ਕ ਨੂੰ ਦਾਗ਼ ਨਾ ਲਾਉਣਾ ਵੇ।
ਨਹੀਂ ਸਹਿਣੇ ਅਸੀਂ ਤਾਹਨੇ ਜੱਗ ਦੇ,
ਅਸੀਂ ਸੱਚਾ ਇਸ਼ਕ ਕਮਾਉਣਾ ਵੇ।

ਕੱਚੇ ਘੜੇ ਨੂੰ ਤੱਕ ਕੇ ਲੋਕੋ,
ਸੋਹਣੀ ਕਦੋਂ ਘਬਰਾਈ ਵੇ।
ਜਾ ਰਾਵੀ ਵਿੱਚ ਲਾਈ ਤਾਰੀ,
ਜਾਣੇ ਕੁੱਲ ਖ਼ੁਦਾਈ ਵੇ।

ਮਾਸ ਖਵਾਓਂਦੇ ਪੱਟਾਂ ਦਾ ਵੀ,
ਜਿਹੜੇ ਯਾਰੀਆਂ ਲਾਉਂਦੇ ਵੇ।
ਰੁੱਸ ਜਾਵੇ ਕਦੇ ਯਾਰ ਓ ਲੋਕੋ,
ਬਹਿ ਲੱਖ-ਲੱਖ ਤਰਲੇ ਪਾਓਂਦੇ ਵੇ।

ਸੱਚੇ ਆਸ਼ਿਕ ਦਗ਼ਾ ਨਾ ਕਰਦੇ।
ਜਾਣੇ ਕੁੱਲ ਜਹਾਨ ਕੁੜੇ।
ਮਰਨੋਂ ਮੂਲ ਨਾ ਡਰਦੇ ਆਸ਼ਿਕ,
ਸਦਾ ਤਲ਼ੀ ਤੇ ਰਖਦੇ ਜਾਨ ਕੁੜੇ।

ਗੋਰਾ ਰੰਗ ਤਾਂ ਮੰਗਣ ਸਾਰੇ,
ਨਾ ਮੰਗੇ ਰੰਗ ਕੋਈ ਕਾਲ਼ਾ ਵੇ।
ਰੰਗ ਸਿਆਹ ਤੇ ਡੁੱਲ੍ਹਦਾ ਲੋਕੋ,
ਕੋਈ ਮਜਨੂੰ ਜਿਹਾ ਮਤਵਾਲਾ ਵੇ।

ਰੱਬ ਰੁੱਸੇ ਤਾਂ ਚਿੰਤਾ ਹੋਵੇ,
ਯਾਰ ਰੁੱਸੇ ਮਰ ਜਾਈਏ ਵੇ।
ਰੱਬ ਨੂੰ ਬਾਅਦ ਮਨਾਈਏ ਲੋਕੋ,
ਪਹਿਲਾਂ ਯਾਰ ਮਨਾਈਏ ਵੇ।

ਅੱਖ ਲਗਿਓਂ, ਅੱਖ ਲੱਗਦੀ ਨਾਹੀਂ,
ਕਹਿੰਦੇ ਲੋਕੀ ਸਾਰੇ ਵੇ।
ਕਿਹੀ ਨਿਮਾਣੀ ਨੀਂਦਰ ਸੀ ਉਹ,
ਜੀਹਨੇ ਮਿਰਜ਼ਾਂ, ਸਾਹਿਬਾਂ ਮਾਰੇ ਵੇ।

ਤਰਕਸ਼ ਟੰਗਿਆ ਜੰਡ ਸੀ ਸਾਹਿਬਾਂ,
ਲੋਕੀ ਕਰਨ ਇਸ਼ਾਰੇ ਵੇ,
ਕਦੋਂ ਟਲ਼ਦੀ ਲਿਖੀ ਵਿੱਚ ਲੇਖਾਂ,
ਸਭ ਹੋਣੀ ਕਰਦੀ ਕਾਰੇ ਵੇ।

ਨਹੀਂ ਕੋਈ ਹੈ ਕਰਮਾਂ ਵਾਲ਼ੀ,
ਜਿਸ ਸਾਰੇ ਸੁੱਖ ਹੰਢਾਏ ਵੇ।
ਨਾ ਤੱਕਿਆ ਕਦੇ ਦੁੱਖ ਦਾ ਬੱਦਲ,
ਨਾ ਤੱਕੇ ਗ਼ਮ ਦੇ ਸਾਏ ਵੇ।

ਟੁੱਟੇ ਦਿਲ ਵੀ ਜੁੜ ਜਾਂਦੇ ਨੇ,
ਜੇ ਸੱਜਣ ਮੀਤ ਮਨਾਵੇ ਵੇ।
ਉੱਜੜੇ ਘਰ ਵੀ ਹੁੰਦੇ ਰੌਸ਼ਨ,
ਜੇ ਰੁੱਸਿਆ ਘਰ ਮੁੜ ਆਵੇ ਵੇ।

ਰੁੱਠੜੇ ਯਾਰ ਨਾ ਹੋਵਣ ਚੰਗੇ,
ਭਾਵੇਂ ਸੌ ਸੌ ਤਰਲੇ ਪਾਈਏ ਵੇ।
ਦਿਲ ਦਾ ਸ਼ੀਸ਼ਾ ਹੋਵੇ ਨਾਜ਼ੁਕ,
ਕਦੇ ਭੁੱਲਿਆਂ ਠੇਸ ਨਾ ਲਾਈਏ ਵੇ।

ਪੀੜ ਹਿਜਰ ਵਿੱਚ ਸੀਨੇ ਦੇ,
ਜਦ ਕਦੇ ਵੀ ਕੁਰਲਾਵੇ ਵੇ।
ਜ਼ਖ਼ਮੀ ਹੋਇਆ ਦਿਲ ਪਰਿੰਦਾ,
ਦਰ ਯਾਦਾਂ ਦੇ ਖੜਕਾਵੇ ਵੇ।

ਕਿਓਂ ਧੰਨ ਜੋਬਨ ਦਾ ਮਾਨ ਹੋ ਕਰਦੇ,
ਕਰੋ ਚੇਤਾ ਪਿੱਛੇ ਲੰਘਿਆਂ ਦਾ।
ਹੁਸਨਾਂ ਨੂੰ ਮੰਡੀ ਵਿਕੇਦਿਆਂ ਦਾ,
ਸ਼ਾਹਾਂ ਨੂੰ ਸੂਲ਼ੀ ਟੰਗਿਆਂ ਦਾ।



ਮਿੱਟੀ ਦੇ ਖ਼ਾਲੀ ਭਾਂਡਿਆ ਵੇ,
ਕਦੇ ਅੱਲ੍ਹਾ ਅੱਲ੍ਹਾ ਵੀ ਕਰਿਆ ਕਰ।
ਛੱਡ ਖਹਿੜਾ ਸੋਨੇ ਚਾਂਦੀ ਦਾ,
ਘਰ ਰੱਬ ਦੇ ਨਾਂ ਦਾ ਭਰਿਆ ਕਰ।

ਟੁੱਟੇ ਦਿਲ ਜਦ ਜੁੜਦੇ ਨਾਂਹੀ,
ਤਾਂ ਲੱਗਦੇ ਰੋਗ ਅਵੱਲੇ ਵੇ।
ਹੁਸਨ ਜਵਾਨੀ ਰੁੜ੍ਹ ਪੁੜ੍ਹ ਜਾਂਦੇ,
ਨਾ ਰਹਿੰਦਾ ਕੁਝ ਵੀ ਪੱਲੇ ਵੇ।

ਰੁੱਸੀ ਜਾਂਦੀ ਹੀਰ ਵੇ ਲੋਕੋ,
ਜਾ ਕੋਈ ਮੋੜ ਲਿਆਵੋ ਵੇ।
ਬਿਨਾਂ ਰਾਂਝਿਓ ਜਿਊਣਾ ਔਖਾ,
ਜਾ ਉਸ ਨੂੰ ਕੋਈ ਸਮਝਾਵੋ ਵੇ।

ਰੁੱਸਿਆਂ ਕਦੋਂ ਗੁਜ਼ਾਰੇ ਹੁੰਦੇ,
ਇਸ ਦੁਨੀਆਂ ਅੰਦਰ ਲੋਕੋ ਵੇ।
ਰੁੱਸੇ ਯਾਰ ਨਾ ਲੱਭਣ ਮੁੜ ਕੇ,
ਭਾਵੇਂ ਲੱਖਾਂ ਮਾਰੋ ਹੋਕੇ ਵੇ।

ਦਿਲ ਦੇ ਰੋਗ ਅਵੱਲੇ ਦੱਸਦੇ,
ਜਿਨ੍ਹਾਂ ਇਸ਼ਕ ਦੇ ਸੌਦੇ ਕੀਤੇ ਵੇ।
ਅੱਖਾਂ ਵਗਦੀਆਂ ਵਾਂਗ ਖੂਹਾਂ ਦੇ,
ਮੂੰਹ ਰਹਿਣ ਗ਼ਮਾਂ ਦੇ ਸੀਤੇ ਵੇ।

ਬੁੱਕ ਪੀੜਾਂ ਦੇ ਭਰ ਭਰ ਪੀਂਦੇ,
ਉੱਠ ਉੱਠ ਅੱਧੀਆਂ ਰਾਤਾਂ ਵੇ।
ਬੂਹੇ ਆਈਆਂ ਯਾਦਾਂ ਵਾਲ਼ੀਆਂ,
ਉਹ ਮੋੜਨ ਨਿੱਤ ਬਰਾਤਾਂ ਵੇ।

ਤੂੰ ਵੀ ਸਾਡੇ ਗ਼ਮ ਦਾ ਬੂਹਾ,
ਆਣ ਕੇ ਅੱਜ ਖੜਕਾਇਆ ਵੇ।
ਜਦੋਂ ਮੁੱਕ ਗਈ ਪੀੜ ਗ਼ਮਾਂ ਦੀ,
ਤੇ ਮੁੱਕਿਆ ਸਾਹਾਂ ਦਾ ਸਰਮਾਇਆ ਵੇ।

ਅਸਾਂ ਵਸਲ ਦੀ ਰਾਤ ਨਾ ਤੱਕੀ,
ਦੁਨੀਆਂ ਅੰਦਰ ਆ ਕੇ ਵੇ।
ਰਹਿ ਗਏ ਪਲੰਘ ਨਵਾਰੀ ਸੁੰਨੇ,
ਜੋ ਮੁੱਦਤੋਂ ਰੱਖੇ ਡਾਹ ਕੇ ਵੇ।

ਹਾਲ਼ੇ ਵੀ ਇਸ ਦਿਲ ਦੀ ਸੱਧਰ,
ਨਾ ਹੋਈ ਏ ਪੂਰੀ ਵੇ।
ਵਿੱਚ ਖ਼ੁਆਬਾਂ ਭਰਦਾ ਚੁੰਗੀਆਂ,
ਯਾਦਾਂ ਦਾ ਮਿਰਗ ਸੰਧੂਰੀ ਵੇ।

ਰਸਮਾਂ ਬੱਧੀ ਬਹਿ ਗਈ ਡੋਲੀ,
ਲੈ ਸੂਹੀ ਸਿਰ ਫੁਲਕਾਰੀ ਵੇ।
ਪਰ ਦਿਲ ਦੇ ਪੰਛੀ ਤੋੜਕੇ ਪਿੰਜਰਾ,
ਲਾਈ ਸੱਜਣਾ ਵੱਲ ਉਡਾਰੀ ਵੇ।





ਬਿਨ ਰੂਹੋਂ ਕਲਬੂਤ ਨੇ ਦੇਖੇ,
ਡੋਲ਼ੀ ਚੜ੍ਹ ਚੜ੍ਹ ਜਾਵਣ ਵੇ।
ਜਿਸਮਾਂ ਦੇ ਭੁੱਖੇ ਆਦਮ ਖਾਣੇ,
ਜਿਸਮ ਚੁੰਡ ਚੁੰਡ ਕੇ ਖਾਵਣ ਵੇ।

ਨਾਲ਼ ਜਿਸਮ ਦੇ ਖੇਡਣ ਬਸ ਨੇ,
ਜਿਸਮਾਂ ਦੇ ਵਿਪਾਰੀ ਵੇ।
ਉਹ ਕੀ ਜਾਨਣ, ਕੀ ਰੂਹ ਹੁੰਦੀ ਏ,
ਕੀ ਹੋਵੇ ਇਸ਼ਕ ਖ਼ੁਮਾਰੀ ਵੇ।

ਕੀ ਰੱਖਣਾ ਓਹਨਾਂ ਯਾਦ, ਯਾਦਾਂ ਨੂੰ,
ਜਿਹਨਾ ਯਾਰ ਨਾ ਚੇਤੇ ਰੱਖਣਾ ਵੇ।
ਇਸ਼ਕ ਹਕੀਕੀ, ਇਸ਼ਕ ਮਜਾਜ਼ੀ ਦਾ,
ਕਦੋਂ ਸੁਆਦ ਉਹਨਾਂ ਹੈ ਚੱਖਣਾ ਵੇ।

ਹਿਜਰਾਂ ਵਾਲ਼ੇ ਮੰਨ ਪਕਾਏ,
ਅਸਾਂ ਦਿਲ ਦੇ ਸੁੰਨੇ ਵਿਹੜੇ ਵੇ।
ਯਾਦਾਂ ਵਾਲ਼ੇ ਮੋਏ ਪੰਛੀ,
ਮੁੜ ਮਾਰ ਰਹੇ ਕਸਮੇੜੇ ਵੇ।

ਨੈਣਾਂ ਵਿੱਚੋਂ ਹੰਝੂ ਵਗ ਵਗ,
ਦਿਲ ਦੇ ਖੂਹੇ ਸੁੱਕੇ ਵੇ।
ਪਰ ਨਿਮਾਣੀਏ ਮੇਰੀਏ ਜਿੰਦੇ,
ਨਾ ਸ਼ਿਕਵੇ ਤੇਰੇ ਮੁੱਕੇ ਵੇ।

ਅੱਜ ਵੀ ਦੇਣ ਸੁਣਾਈ ਮੈਨੂੰ,
ਹਉਕੇ ਕਾਲ਼ੀਆਂ ਰਾਤਾਂ ਦੇ।
ਜਦੋਂ ਅਸਮਾਨੀ ਬੱਦਲ ਗੱਜਣ,
ਸਾਉਣ ਦੀਆਂ ਬਰਸਾਤਾਂ ਦੇ।

ਕਦ ਤੱਕ ਮੈਂ ਪੀਣੇ ਲੋਕੋ,
ਅੱਖੀਆਂ ਦੇ ਹੰਝੂ ਖਾਰੇ ਵੇ।
ਕਦੋਂ ਤੱਕ ਨੇ ਡੋਲੀ ਚੜ੍ਹਨੇ,
ਦਿਲ ਦੇ ਚਾਅ ਕੁਆਰੇ ਵੇ।

ਆ ਕੇ ਜਦੋਂ ਵਿਆਹੁਣੇ ਲੋਕੋ,
ਮੇਰੇ ਦਿਲ ਦੇ ਚਾਅ ਕਵਾਰੇ ਵੇ।
ਆਪੇ ਸੁੱਕ ਜਾਣੇ ਅੱਖੀਆਂ 'ਚੋਂ,
ਇਹ ਮੇਰੇ ਹੰਝੂ ਖਾਰੇ ਵੇ।

ਖ਼ੁਸ਼ੀਆਂ ਦੇ ਫੇਰ ਬਾਲ ਖੇਡਣੇ,
ਦਿਲ ਸ਼ਗਨਾਂ ਦੇ ਵਿਹੜੇ ਵੇ।
ਚਾਵਾਂ ਖੁਸਰੇ ਬਣ ਬਣ ਨੱਚਣਾ,
ਤੇ ਸੱਧਰਾਂ ਮਾਰਨੇ ਗੇੜੇ ਵੇ।

ਜਾਹ ਵੇ ਦਿਲ ਦੇ ਝੂਠੇ ਰਾਹੀਆ,
ਕੀ ਇਤਬਾਰ ਕਰਾਂ ਮੈਂ ਤੇਰਾ ਵੇ।
ਦੇ ਕੇ ਝੂਠੇ ਚਾਰ ਦਿਲਾਸੇ,
ਘਰ ਲਾ ਲਿਆ ਮੇਰੇ ਡੇਰਾ ਵੇ।





ਅੱਜ ਵੀ ਬੂਹੇ ਬਾਰੀਆਂ ਖੋਲ੍ਹ ਕੇ,
ਰਾਹ ਤੇਰਾ ਮੈਂ ਤੱਕਾਂ ਵੇ।
ਉਭੜਵਾਹੀ ਉੱਠ ਖਲੋਵਾਂ,
ਜਦ ਲੱਗ ਜਾਵਣ ਕਦੇ ਅੱਖਾਂ ਵੇ।

ਜਦੋਂ ਦਾ ਗਿਆ ਤੂੰ ਪਰਦੇਸਾਂ,
ਮੁੜਕੇ ਕਦੇ ਨਾ ਆਇਆ ਵੇ।
ਸੁੱਕੇ ਬੂਟੇ ਸੱਧਰਾਂ ਵਾਲ਼ੇ,
ਅੰਗ-ਅੰਗ ਰਿਹਾ ਤਿਰਹਾਇਆ ਵੇ।

ਨਾ ਰਿਹਾ ਤੂੰ ਵਚਨਾਂ ਦਾ ਪੱਕਾ,
ਕੀਤੇ ਵਾਅਦੇ ਭੁੱਲੇ ਵੇ।
ਮੇਰੀ ਤੱਤੜੀ ਦੇ ਅਰਮਾਨ,
ਵਾਂਗ ਕੱਖਾਂ ਦੇ ਰੁੱਲੇ ਵੇ।

ਮਾਣੇ ਅਨੰਦ ਸਵਰਗਾਂ ਵਾਲ਼ੇ,
ਬਹਿ ਸੱਜਣਾਂ ਪਰਦੇਸਾਂ ਵੇ।
ਮੈਂ ਕਮਲ਼ੀ ਖ਼ੁਸ਼ ਹੁੰਦੀ ਰਹਿੰਦੀ,
ਨਾਂ ਲਿਖ, ਕੋਰਿਆਂ ਖੇਸਾਂ ਵੇ।

ਯਾਦ ਤੇਰੀ ਦੀ ਮਹਿੰਦੀ ਸੱਜਣਾਂ,
ਦਿਲ ਦੇ ਹੱਥਾਂ ਲਾ ਲਈ ਵੇ।
ਆਏਗੀ ਕਦ ਵਿਹੜੇ ਸਾਡੇ,
ਰਾਤ ਕੋਈ ਕਰਮਾਂ ਵਾਲ਼ੀ ਵੇ।


ਅੱਖੀਆਂ ਵਿੱਚੋਂ ਕੱਜਲ ਵਹਿ ਕੇ,
ਸੁੱਕਿਆ ਗੋਰੀਆਂ ਗੱਲ੍ਹੀਂ ਵੇ।
ਜਿਓਂ ਬਿਰਹੋਂ ਵਿੱਚ ਸੜੇ ਜਿਸਮਾਂ ਦੇ,
ਕੋਈ ਆ ਕਾਲਖ਼ ਮੂੰਹ ਮਲੀ ਵੇ।

ਰੱਬ ਵੀ ਬੈਠਾ ਦੂਰੋਂ ਤੱਕੇ,
ਸਾਡੇ ਲੇਖਾਂ ਦੇ ਕਾਰੇ ਵੇ।
ਦਿਲ ਬਦਲੇ, ਦਿਲ ਲੈਣ ਦੇਣ ਦੇ,
ਤੱਕਦਾ ਸੌਦੇ ਸਾਰੇ ਵੇ।

ਇਸ਼ਕ ਕਦੇ ਨਾ ਤੱਕਿਆ ਲੋਕੋ,
ਝੁੱਗੀ, ਮਹਿਲਾਂ, ਢਾਰੇ ਵੇ।
ਸਭ ਸੜੇ ਨੇ ਅੱਗ ਇਸ਼ਕ ਦੀ,
ਹੱਥੀਂ ਫੜ ਅੰਗਿਆਰੇ ਵੇ।

ਜੇ ਹੀਰ ਉਂਧਲਦੀ ਨਾਲ ਰਾਂਝੜੇ,
ਉਸ ਲੋਕੀ ਕਹਿੰਦੇ ਬਦਕਾਰ ਵੇ।
ਪਾਕ ਇਸ਼ਕ ਹੋ ਜਾਂਦਾ ਦਾਗ਼ੀ,
ਕੀ ਵਿਖਾਉਂਦੀ ਮੂੰਹ ਦਰਬਾਰ ਵੇ।

ਲੋਕੀ ਆਖਣ ਵੇਖੋ ਧੀਦੋ,
ਹਜ਼ਾਰਿਓਂ ਚੱਲ ਕੇ ਆਇਆ ਵੇ।
ਹੀਰ ਓਸ ਦੀ ਵਿੱਚ ਸਿਆਲਾਂ,
ਉਹਦਾ ਲੇਖ ਹੀ ਖਿੱਚ ਲਿਆਇਆ ਵੇ।



ਭਾਬੀਆਂ ਬਣੀਆਂ ਬੱਸ ਬਹਾਨਾ,
ਹੀਰ ਦੇ ਨਾਲ਼ ਮਿਲ਼ਾਵਣ ਦਾ।
ਰਾਂਝੇ ਨੇ ਜਾਣਾ ਹੀ ਸੀ,
ਕਰਮੀਂ ਲਿਖਿਆ ਪਾਵਣ ਦਾ।

ਖ਼ਾਕ ਛਾਣ ਲਈ ਰਾਜਿਆਂ ਤੱਕ ਵੀ,
ਨਾ ਬਣੀਆਂ ਤਦਬੀਰਾਂ ਵੇ।
ਉਦੋਂ ਤੱਕ ਹੀ ਸਾਥ ਰਿਹਾ ਬੱਸ,
ਜਦੋਂ ਤੱਕ ਸੀ ਵਿੱਚ ਤਕਦੀਰਾਂ ਵੇ।

ਰਿਹਾ ਰੰਗਿਆ ਵਿੱਚ ਇਸ਼ਕ ਦੇ,
ਰਾਂਝਾ ਪੂਰੇ ਬਾਰਾਂ ਸਾਲੀਂ ਵੇ।
ਜਦੋਂ ਮੁੱਕ ਗਿਆ ਦਾਣਾ ਪਾਣੀ,
ਪਲ਼ ਪਲ਼ ਹੋਇਆ ਸਵਾਲੀ ਵੇ।

ਹੈ ਸ਼ੁਕਰ ਕਿ ਡੋਲੀ ਤੇਰੀ ਯਾਦ ਦੀ,
ਮੇਰੇ ਨਾਲ਼ੋਂ ਨਾਲ਼ ਹੀ ਚੱਲੇ ਵੇ।
ਨਹੀਂ ਮੁੱਕਣੇ ਸੀ ਪੈਂਡੇ ਸੁੰਨੇ,
ਮਰ ਜਾਂਦੇ ਅਸੀਂ ਕੱਲੇ ਵੇ।

ਭਾਵੇਂ ਕੰਨ ਪੜਵਾਏ ਰਾਂਝੇ,
ਧੂਣੇ ਬਾਲੇ ਬਾਗੀਂ ਵੇ।
ਇੱਕ ਵਾਰੀ ਜੋ ਸੁੱਤੀ ਕਿਸਮਤ,
ਮੁੜ ਕੇ ਫੇਰ ਨਾ ਜਾਗੀ ਵੇ।

ਆਖ਼ਿਰ ਮੌਤ ਹੀ ਆਈ ਲੋਕੋ,
ਬਣ ਕੇ ਫੇਰ ਸਹਾਰੇ ਵੇ।
ਮਿੱਟੀ ਦੇ ਵਿੱਚ ਮਿੱਟੀ ਹੋ ਕੇ,
ਚਮਕੇ ਫੇਰ ਸਿਤਾਰੇ ਵੇ।

ਇਹੀ ਹਸ਼ਰ ਹੈ ਹੁੰਦਾ ਲੋਕੋ,
ਜੱਗ ਵਿੱਚ ਇਸ਼ਕ ਦੇ ਮਾਰਿਆਂ ਵੇ।
ਪਰ ਸੇਕ ਨਾ ਹੋਇਆ ਮੱਠਾ,
ਇਸ਼ਕ ਦੇ ਅੰਗਾਰਿਆਂ ਵੇ।

ਹੀਰ ਦੀ ਕਿਹੜੀ ਕਿਸਮਤ ਚੰਗੀ,
ਪਈ ਰਹੀ ਵਿੱਚ ਗੋੜੇ ਵੇ।
ਵਕਤ ਨੇ ਮਾਰੇ ਐਸੇ ਧੱਕੇ,
ਨਾ ਰਾਂਝੇ ਨਾ ਖੇੜੇ ਵੇ।

ਕਦੋਂ ਹਿਜਰ ਦੀਆਂ ਮੁੱਕਦੀਆਂ ਪੀੜਾਂ,
ਢੋਲਾ, ਟੱਪੇ ਗਾ ਕੇ ਵੇ।
ਇਹ ਮੁਕਣ ਜਦੋਂ ਰੱਖੇ ਸੱਜਣ,
ਸੀਨੇ ਤੇ ਹੱਥ ਆ ਕੇ ਵੇ।

ਉਹ ਹੀ ਮੇਰੇ ਦਿਲ ਦਾ ਵਾਲੀ,
ਉਹੀ ਸੱਜਣ ਸੁਹੇਲੇ ਵੇ।
ਸੱਜਣਾਂ ਬਾਝੋਂ ਕਦੋਂ ਸੁਹਾਉਂਦੇ,
ਇਹ ਦੁਨੀਆਂ ਦੇ ਮੇਲੇ ਵੇ।

ਜੀ ਕਰਦੈ ਜੋਗੀ ਬਣ ਜਾਵਾਂ,
ਵਿੱਚ ਸੱਜਣ ਦੀਆਂ ਯਾਦਾਂ ਵੇ।
ਵਿੱਚ ਹਿਜਰਾਂ ਦੇ ਪਲ਼ ਪਲ਼ ਰੋਵਣ,
ਮੇਰੇ ਗ਼ਮ ਦੀਆਂ ਫ਼ਰਿਆਦਾਂ ਵੇ।

ਹਾਲ਼ੇ ਤੱਕ ਨਾ ਹੋਈਆਂ ਹਰੀਆਂ,
ਦਿਲ ਦੀਆਂ ਗੁਲਜ਼ਾਰਾਂ ਵੇ।
ਭਾਵੇਂ ਆ ਆ ਲੰਘ ਗਈਆਂ ਨੇ,
ਕਈ ਕਈ ਬਸੰਤ ਬਹਾਰਾਂ ਵੇ।

ਕਾਲ਼ੀਆਂ ਰਾਤਾਂ ਜਦ ਜਦ ਆਵਣ,
ਮਨ ਖਾਵੇ ਹਿਚਕੋਲੇ ਵੇ।
ਜਿਸਮ ਮੇਰੇ ਦੀ ਤਪਦੀ ਭੱਠੀ,
ਕਦੇ ਮਾਹੀ ਆਣ ਫਰੋਲੇ ਵੇ।

ਕੋਇਲਾਂ ਬੋਲਣ ਅੰਬਾਂ ਉੱਤੇ,
ਪਰ ਦਿਲ ਦੇ ਵਿਹੜੇ ਸੁੰਨੇ ਵੇ।
ਜਿਵੇਂ ਵਿੱਚ ਬਹਾਰਾਂ ਮਾਲੀ,
ਸਿਰ ਕਲ਼ੀਆਂ ਦੇ ਮੁੰਨੇ ਵੇ।

ਡੰਗ ਇਸ਼ਕ ਦੇ ਨਾਗਾਂ ਵਰਗੇ,
ਜਿਸ ਨੂੰ ਡੰਗੇ, ਮਰਦੇ ਵੇ।
ਨਾ ਡਰਦੇ ਨਾਗ ਹੰਕਾਰੇ ਵਾਂਗੂ,
ਆਸ਼ਿਕ ਰਾਹੀਂ, ਆ ਆ ਖੜ੍ਹਦੇ ਵੇ।

ਦਿਲ ਟੁੱਟਿਆਂ ਆਵਾਜ਼ ਨਾ ਹੋਵੇ,
ਦਿਲ ਟੁੱਟਿਆਂ ਵੀ ਨਾ ਜੁੜਦਾ ਵੇ।
ਜਿਵੇਂ ਅਸਮਾਨੋਂ ਟੁੱਟਿਆ ਤਾਰਾ,
ਫੇਰ ਕਦੇ ਨਾ ਮੁੜਦਾ ਏ।

ਮੁੜ ਆਈਆਂ ਨੇ ਭੁੱਲੀਆਂ ਯਾਦਾਂ,
ਕੋਈ ਸੰਦਲੀ ਪਲੰਘ ਵਿਛਾਓ ਵੇ।
ਫੇਰ ਉਠੀਆਂ ਨੇ ਪੀੜਾਂ ਹਿਜਰੀ,
ਕੋਈ ਦਿਲ ਦੀ ਸਾਂਤ ਕਰਾਓ ਵੇ।

ਕੀ ਆਉਣੀਆਂ ਨੀਂਦਾਂ ਲੋਕੋ,
ਜਿਸਦੇ ਰੁੱਸੇ ਬੈਠੇ ਯਾਰ ਕੁੜੇ।
ਕਦੋਂ ਸੁਰੀਲੇ ਸੁਰ ਆਉਂਦੇ ਨੇ,
ਜਦੋਂ ਦਿਲ ਦੇ ਟੁੱਟਣ ਤਾਰ ਕੁੜੇ।

ਜਦੋਂ ਉੱਖਲੀਆਂ ਵਿੱਚ ਸਿਰ ਦਿੱਤੇ ਨੇ,
ਫੇਰ ਮੂੱਸਲੀਆਂ ਕੀ ਡਰਨਾ ਵੇ।
ਜਿਹੜੇ ਆਸ਼ਕ ਡਰਦੇ ਲੋਕੋ,
ਦੱਸੋਂ ਪਿਆਰ ਉਹਨਾਂ ਕੀ ਕਰਨਾ ਵੇ।

ਇਸ਼ਕ ਮੁਸ਼ਕ ਨਾ ਛੁਪਦੇ ਲੋਕੋ,
ਭਾਵੇਂ ਰੱਖੀਏ ਲੱਖ ਛੁਪਾ ਕੇ ਵੇ।
ਪਿੱਟੇ ਪਿਆਰ ਢੰਡੋਰਾ ਲੋਕੋ,
ਅੰਬਰਾਂ ਨੂੰ ਅੱਗ ਲਾ ਕੇ ਵੇ।

ਨਾਲ਼ ਮੁਕੱਦਰਾਂ ਕੌਈ ਨਾ ਲੜਿਆ,
ਵਾਹ ਲਾ ਲਾ ਲੌਕੀ ਥੱਕੇ ਵੇ।
ਦਿਨੇ-ਰਾਤ ਨੇ ਮਿਹਨਤਾਂ ਕਰਦੇ,
ਤਾਂ ਵੀ ਮਿਲਦੇ ਧੱਕੇ ਵੇ।

ਜਦੋਂ ਚਾਹੇ ਓਹ ਦਿਲ ਦੀਆਂ ਕਰਦਾ,
ਨਾ ਸੁਣਦਾ ਕੌਈ ਦਲੀਲਾਂ ਵੇ।
ਫ਼ੀਸਾਂ ਭਰ ਭਰ ਥੱਕਿਆ ਲੌਕੋ,
ਧਰਮ ਦਿਆਂ ਵਕੀਲਾਂ ਵੇ।

ਜੀਵਨ ਚੱਕਰ ਘੁਮਾਈ ਫਿਰਦਾ,
ਸਦਾ ਰੱਖੇ ਮੱਤ ਮਾਰੀ ਵੇ।
ਕੀਹਨੂੰ ਰਹਿੰਦਾ ਚੇਤਾ ਲੌਕੋ,
ਕਿੱਥੇ ਡਾਹੇ ਪਲੰਘ ਨਵਾਰੀ ਵੇ।

ਤੁਸੀਂ ਕਿਓਂ ਨਹੀਂ ਰਹਿੰਦੇ ਖਿੜੇ ਖਿੜੇ,
ਕਿਓਂ ਰਹਿੰਦੇ ਓ ਮੁਰਝਾਏ ਵੇ।
ਕਿਸ ਦੇ ਇਸ਼ਕ ਹੈ ਧੋਖਾ ਖਾਧਾ,
ਤੈਨੂੰ ਗ਼ਮ ਕਿਸਦਾ ਹੈ ਖਾਏ ਵੇ।

ਨਾਗਾਂ ਵਾਂਗੂ ਪਾਉਣ ਭੁਲੇਖੇ,
ਤੇਰੀਆਂ ਖੁੱਲ੍ਹੀਆਂ ਜ਼ੁਲਫ਼ਾਂ ਵੇ।
ਰੂਪ ਤੇਰਾ ਲਿਸ਼ਕਾਰੇ ਮਾਰੇ,
ਜਿਓਂ ਲਾਟਾਂ ਹੋਵਣ ਸੁਲਫ਼ਾਂ ਵੇ।

ਮੰਗਿਆਂ ਜੇਕਰ ਮੌਤ ਮਿਲ ਜਾਵੇ,
ਮੈਂ ਤਾਂ ਓਹ ਵੀ ਮੰਗਦਾ ਵੇ।
ਪਰ ਮਰਨ ਤੋਂ ਪਹਿਲਾਂ ਰੱਬਾ,
ਮੰਗ ਆਪਣੀ ਨੂੰ ਹੀ ਮੰਗਦਾ ਵੇ।

ਨਹੀਂ ਤੇਰਾ ਕਸੂਰ ਕੌਈ ਵੀ,
ਮੈਂ ਹੀ ਹੋਇਆ ਦੀਵਾਨਾ ਵੇ।
ਯਾਦ ਵਿੱਚ ਓਹਦੀ ਰੋਣ ਨੂੰ ਲੌਕੋ,
ਲੱਭਾਂ ਇੱਕ ਵੀਰਾਨਾ ਵੇ।

ਭਾਵੇਂ ਲੌਕੀ ਦਾਵੇ ਕਰਦੇ,
ਪਾਏ ਭੇਦ ਦੁਨੀਆਂ ਦੇ ਸਾਰੇ ਵੇ।
ਪਰ ਕਿਸੇ ਨਾ ਲੱਭੇ ਲੌਕੋ,
ਗ਼ਮ ਸਾਗਰਾਂ ਦੇ ਕਿਨਾਰੇ ਵੇ।

ਗੁੰਮ ਗਿਆ ਹੈ ਸੱਜਣ ਮੇਰਾ,
ਵਿੱਚ ਇਸ ਦੁਨੀਆਂ ਦੀ ਭੀੜ ਵੇ।
ਪਰ ਸੀਨੇ ਵਿੱਚ ਛੱਡ ਗਿਆ ਮੇਰੇ,
ਬਿਰਹੋਂ ਦੀ ਮਿੱਠੀ ਪੀੜ ਵੇ।

ਹਰ ਚਿਹਰੇ 'ਚੋਂ ਨਜ਼ਰ ਆਂਵਦੀ,
ਬਸ ਇੱਕ ਉਸਦੀ ਤਸਵੀਰ ਵੇ।
ਕਦੋਂ ਤੱਕ ਲੜਾਂ ਮੈਂ ਲੌਕੋ,
ਇਸ ਆਪਣੀ ਤਕਦੀਰ ਵੇ।



ਅੱਜ ਜਿਓਂਦੀ ਮਰੀ ਮੈਂ ਲੋਕੋ,
ਅੱਜ ਗਈ ਕੁਮਲਾਈ ਵੇ।
ਆਪਣੇ ਭੁੱਲ ਜਾਣ ਦੀ ਤੋਹਮਤ,
ਅੱਜ ਸੱਜਣਾਂ ਮੱਥੇ ਲਾਈ ਵੇ।

ਰੱਬਾ ਆਓਣ ਕਦੇ ਉਹ ਵੇਲੇ,
ਜਦੋਂ ਚਮਕਣ ਕਾਲ਼ੀਆਂ ਰਾਤਾਂ ਵੇ।
ਪਿਆਰ ਸੱਜਣ ਦਾ ਪਵੇ ਝੋਲੀਆਂ,
ਬਣ ਬਣ ਰੋਜ਼ ਸੁਗਾਤਾਂ ਵੇ।

ਧੁੱਪਾਂ ਵਿੱਚ ਮੁਰਝਾਉਂਦੇ ਬੂਟੇ,
ਤੇ ਦੁੱਖਾਂ ਦੇ ਵਿੱਚ ਚਿਹਰੇ ਵੇ।
ਪਾਣੀ ਦਿੱਤਿਆਂ ਟਹਿਕੇ ਬੂਟੇ,
ਪਰ ਟਹਿਕੇ ਨਾ ਦੁੱਖ ਮੇਰੇ ਵੇ।

ਨਾ ਮਾਰੋ ਇਹਨਾਂ ਆਸ਼ਕਾਂ ਨੂੰ ਲੋਕੋ,
ਇਹ ਰੱਬੋਂ ਭੇਜੇ ਦਰਵੇਸ਼ ਵੇ।
ਇਹਨਾਂ ਬਖ਼ਸ਼ਿਆ ਪਿਆਰ ਰੱਬ ਆਪੇ,
ਨਾ ਐਵੇਂ ਕਰੋ ਕਲੇਸ਼ ਵੇ।

ਸਾਨੂੰ ਪੈ ਜਾਏ ਮਾਰ ਰੱਬ ਦੀ,
ਜੇ ਝੂਠੀਆਂ ਖਾਈਏ ਕਸਮਾਂ ਵੇ।
ਨਾਲ਼ ਦੁਨੀਆਂ ਰਲ਼ ਲੜੀਏ ਦੋਵੇਂ,
ਤੋੜ ਦੇਈਏ ਸਭ ਰਸਮਾਂ ਵੇ।


ਸਾਨੂੰ ਤੇਰੀ ਪਰਵਾਹ ਨਾ ਦੁਨੀਆਂ,
ਨਹੀਂ ਮੰਨਦੇ ਤੇਰੇ ਅਸੂਲ ਵੇ।
ਨਹੀਂ ਹੈ ਡਰ, ਡਰ ਰਹਿਣਾ ਤੈਥੋਂ,
ਹੋਵੇ ਮੌਤ ਵੀ ਸਾਨੂੰ ਕਬੂਲ ਵੇ।

ਪਹਿਲਾਂ ਮੰਗਦੇ ਰੱਬ ਤੋਂ ਸਾਨੂੰ,
ਬਣੀਏ ਆਸ਼ਿਕ ਤਾਂ ਕੱਢੋਂ ਵੈਰ ਵੇ।
ਕਦੇ ਮਾਰ ਦਿਓਂ ਪੱਥਰੀ ਸਾਨੂੰ,
ਕਦੇ ਲੱਡੂਆਂ ਪਾਉਂਦੇ ਜ਼ਹਿਰ ਵੇ।

ਹੁੰਦੇ ਕੰਮ ਨਾ ਇਹ ਮਾਪਿਆਂ ਦੇ,
ਕੰਮ ਹੁੰਦੇ ਇਹ ਸ਼ੈਤਾਨ ਵੇ।
ਕਰੋ ਸਦਾ ਈਮਾਨ ਦੀਆਂ ਗੱਲਾਂ,
ਨਾ ਅਸਾਂ ਤੱਕਿਆ ਕਦੇ ਈਮਾਨ ਵੇ।

ਅਸੀਂ ਆਪ ਨਾ ਜਿਉਣਾ ਚਾਹੁੰਦੇ ਰੱਬਾ,
ਜਿੱਥੇ ਬੰਦਸ਼ਾਂ ਹੋਵਣ ਭਾਰੀਆਂ ਵੇ।
ਸਾਡੇ ਨਾਲ਼ੋਂ ਜਨੌਰ ਚੰਗੇ ਰੱਬਾ,
ਮਾਰਨ ਖੁੱਲ੍ਹੀਆਂ ਜੋ ਉਡਾਰੀਆਂ ਵੇ।

ਰੱਬਾ ਤੂੰ ਚੰਗਾ, ਤੇਰੇ ਬੰਦੇ ਚੰਗੇ,
ਕਹੀ ਤੇਰੀ ਇਹ ਖ਼ੁਦਾਈ ਵੇ।
ਸੂਰਤ ਦਿੱਤੀ ਤੂੰ ਇਹਨਾਂ ਬੰਦਿਆਂ ਦੀ,
ਕਰਮ ਦਿੱਤੇ, ਇਹਨਾਂ ਕਸਾਈ ਵੇ।





ਸਿਦਕ ਕਦੇ ਨਾ ਡੋਲੇ ਰੱਬਾ,
ਇਸ਼ਕ ਦਿਆਂ ਬਲਕਾਰਾਂ ਵੇ।
ਛੋਟੀ ਉਮਰੇ ਹੋਏ ਟਾਕਰੇ,
ਨੇਜ਼ਿਆਂ ਤੇ ਤਲਵਾਰਾਂ ਵੇ।

ਕੌਣ ਰਿਸ਼ਤਿਆਂ ਨੂੰ ਅੱਜ ਜਾਣੇ,
ਹੋਏ ਆਪਣੇ ਵੀ ਗ਼ੈਰ ਵੇ।
ਕਲਜੁਗ ਅਗਨੀ ਐਸੀ ਬਰਸੀ,
ਲੂੰ ਲੂੰ ਚੜ੍ਹਿਆ ਜ਼ਹਿਰ ਵੇ।

ਕਿੱਧਰ ਗਏ ਓਹ ਵੇਲ਼ੇ ਰੱਬਾ,
ਜਦੋਂ ਗ਼ੈਰ ਵੀ ਲਗਦੇ ਆਪਣੇ ਵੇ।
ਵਾ-ਵਰੋਲ਼ਾ ਬਣ ਉੱਡ ਗਏ,
ਵਾਂਗ ਝੂਠਿਆਂ ਸੁਪਨੇ ਵੇ।

ਯਾਦ ਆਉਂਦੇ ਉਹ ਸਾਕ ਪੁਰਾਣੇ,
ਮਾਮੇ, ਚਾਚਾ, ਤਾਇਆ ਵੇ।
ਲਾ ਸੀਨੇ ਨਾਲ਼ ਜਿਨ੍ਹਾਂ ਲੋਕਾਂ,
ਸਾਨੂੰ ਲਾਡ ਲਡਾਇਆ ਵੇ।

ਉਹ ਵੀ ਪਾਲੇ ਬਾਲ ਵੇ ਲੋਕੋ,
ਜਿਨ੍ਹਾਂ ਛੱਡ ਕੇ ਮਰੀਆਂ ਮਾਈਆਂ ਵੇ।
ਨਾ ਸਮਝੇ ਉਹ ਗ਼ੈਰ ਕਦੇ ਵੀ,
ਮਾਮੀਆਂ, ਚਾਚੀਆਂ, ਤਾਈਆਂ ਵੇ।

ਪੀੜਾਂ ਦੀ ਮੈਂ ਬੰਨ੍ਹ ਪੋਟਲੀ,
ਸਿਰ ਆਪਣੇ ਤੇ ਚਾਈ ਵੇ।
ਮੌਤ ਨੇ ਆ ਕੇ ਵਿੱਚ ਸ਼ਮਸ਼ਾਨੀਂ ,
ਸਿਰ ਮੇਰੇ ਤੋਂ ਲਾਹੀ ਵੇ।

ਨਹੀਂ ਆਇਆ ਯਾਰੋ ਕੋਈ,
ਮੈਨੂੰ ਨਾਲ਼ ਲਿਜਾਵਣ ਵੇ।
ਰੱਬ ਨੇ ਛੱਡਿਆ ਮੈਨੂੰ ਲੋਕੋ,
ਜੱਗ ਦੇ ਧੱਕੇ ਖਾਵਣ ਵੇ।

ਕਈ ਰੋਂਦੇ ਨੇ ਕਰ ਇਸ਼ਕ ਨੂੰ,
ਕਈ ਰੋਂਦੇ ਇਸ਼ਕ ਗਵਾ ਵੇ।
ਕੋਈ ਕਹੇ ਇਸ਼ਕ ਪੰਡ ਗ਼ਮਾਂ ਦੀ,
ਕੋਈ ਕਹੇ ਇਸ਼ਕ ਖ਼ੁਦਾ ਵੇ।

ਨਾ ਕੁਰੇਦ ਜ਼ਖ਼ਮਾਂ ਨੂੰ ਮੇਰੇ,
ਰਹਿਣ ਦੇ ਯਾਦਾਂ ਦੂਰ ਵੇ।
ਹੁਣੇ ਸੁੱਤੇ ਨੇ ਮੇਰੇ ਸੁਪਨੇ,
ਤਾਜ਼ਾ ਆਇਆ ਗ਼ਮੀਂ ਅੰਗੂਰ ਵੇ।

ਇਸ਼ਕ ਦੀ ਗੱਲ ਨਾ ਕਰੋ ਯਾਰੋ,
ਇਸ਼ਕ ਦਰਦ ਵੀ ਹੈ, ਤੇ ਦਵਾ ਵੇ।
ਇਸ਼ਕ ਖ਼ਾਬ ਹੈ ਇੱਕ ਬੜਾ ਸੋਹਣਾ,
ਇਸ਼ਕ ਜ਼ਿੰਦਗੀ ਭਰ ਲਈ ਸਜ਼ਾ ਵੇ।



ਜੇ ਦਿਲਦਾਰ ਆਖੇ ਇਕ ਵਾਰ ਮੈਨੂੰ,
ਮੈਂ ਕੰਜਰੀਂ ਬਣ ਬਣ ਨੱਚਾਂ ਵੇ।
ਮੰਗ ਬੈਠੇ ਕਿਤੇ ਜੇ ਜਿੰਦ ਯਾਰ ਮੇਰਾ,
ਮੈਂ ਬਣ ਪਰਵਾਨਾਂ ਮੱਚਾਂ ਵੇ।

ਹਜ਼ਾਰਾਂ ਜਿੰਦਾਂ ਮੈਂ ਲਾਵਾਂ ਲੇਖੇ,
ਜੇ ਰੱਬ ਕਿਧਰੇ ਦੇ ਦੇਵੇ ਵੇ।
ਪਲ਼ ਪਲ਼ ਵਾਰਾਂ ਯਾਰਾਂ ਉੱਤੋਂ,
ਤੇ ਹੱਥੀਂ ਲਿਖਾਂ ਟੇਵੇ ਵੇ।

ਰੱਬਾ ਨਾ ਟੁੱਟੇ ਦਿਲ ਕਿਸੇ ਦਾ,
ਨਾ ਬਹਿ ਰੋਵੇ ਉਹ ਕੱਲੀ ਵੇ।
ਨਹੀਂ ਦਿੰਦਾ ਕੋਈ ਆਣ ਦਿਲਾਸੇ,
ਦੁੱਖ ਬਹਿ ਕੱਲੀ ਹੀ ਝੱਲੀ ਵੇ।

ਜਦੋਂ ਕਦੇ ਦਿਲ ਟੁੱਟ ਜਾਵੇ ਤਾਂ,
ਚੰਗੇ ਲਗਦੇ ਨੇਰ੍ਹੇ ਵੇ।
ਪਤਾ ਨਹੀ ਫਿਰ ਲਗਦਾ ਲੋਕੋ,
ਕਦੋ ਲੰਘੇ ਸੰਝ ਸਵੇਰੇ ਵੇ।

ਜਦੋਂ ਕਦੇ ਦਿਲ ਲੱਗ ਜਾਏ ਤਾਂ।
ਦਿਸੇ ਚਾਨਣ ਚਾਰ ਚੁਫ਼ੇਰੇ ਵੇ।
ਰੋਜ਼ ਸਵੇਰੇ ਉੱਠ ਉੱਠ ਲੱਭੇ,
ਕਾਵਾਂ ਨੂੰ ਆ ਬਨੇਰੇ ਵੇ।

ਅੱਖ ਲੱਗਿਆਂ ਅੱਖ ਲਗਦੀ ਨਾਹੀਂ,
ਦਿਲ ਟੁੱਟਿਆਂ ਵੀ ਨਾ ਲੱਗੇ ਵੇ।
ਦੇਖੋ ਖੇਡ ਇਸ਼ਕ ਦੀ ਲੋਕੋ,
ਗਏ ਦੋਵੇਂ ਪਾਸੋਂ ਠੱਗੇ ਵੇ।

ਵਿੱਚ ਮੁਹੱਬਤਾਂ ਰੂਪ ਹੈ ਖਿੜਦਾ,
ਵਿੱਚ ਬਿਰਹੋਂ ਸੜ ਜਾਵੇ ਵੇ।
ਦੋਵੇਂ ਫਿਰਦੇ ਕਮਲੇ ਹੋ ਹੋ,
ਜਦੋਂ ਨਾਗ ਇਸ਼ਕ ਲੜ ਜਾਵੇ ਵੇ।

ਨਾਗ ਇਸ਼ਕ ਤੋਂ ਬਚਿਓ ਲੋਕੋ,
ਮਾਰੇ ਡੰਗ ਇਹ ਜ਼ਹਿਰੀ ਵੇ।
ਜਿਸ ਜਿਸ ਵੀ ਇਹ ਲੜਿਆ ਲੋਕੋ,
ਸੱਟ ਦਿਲ ਤੇ ਛੱਡ ਗਿਆ ਗਹਿਰੀ ਵੇ।

ਇਸ਼ਕ ਨਾ ਮਿਲਦਾ ਹੱਟੀਓਂ ਲੋਕੋ,
ਪੈਂਦਾ ਇਹ ਕਮਾਉਣਾ ਵੇ।
ਰਾਂਝੇ ਵਾਂਗੂ ਚਾਰ ਕੇ ਮੱਝੀਆਂ,
ਪੈਂਦਾ ਆਪ ਗਵਾਉਣਾ ਵੇ।

ਮੂੰਹ ਬੰਨ੍ਹਿਆ ਸੀ ਮਾਪਿਆਂ ਲੋਕੋ,
ਜਦੋਂ ਹੀਰ ਸੀ ਗਈ ਵਿਆਹੀ ਵੇ।
ਖੇੜਿਆਂ ਨਾਲ਼ ਵੀ ਕੀਤਾ ਧੋਖਾ,
ਸੀ ਡੋਲੀ ਲਾਸ਼ ਬਿਠਾਈ ਵੇ।

ਜੇਕਰ ਇਸ਼ਕ ਰੂਪ ਤੇ ਮਰਦਾ,
ਤਾਂ ਕੈਸ ਨਾ ਮਰਦਾ ਲੈਲਾ ਵੇ।
ਅੰਨ੍ਹਾ ਹੋਵੇ ਇਸ਼ਕ ਇਹ ਲੋਕੋ,
ਕੋਈ ਰੰਗ ਨਾ ਲਗਦਾ ਮੈਲਾ ਵੇ।

ਲੋਕਾਂ ਰੱਖੀਆਂ ਯਾਦ ਚੂਰੀਆਂ,
ਜੋ ਰਾਂਝੇ ਖਾਧੀਆਂ ਬੇਲੇ ਵੇ।
ਚਾਰੀਆ ਮੱਝੀਆਂ ਸਾਲ ਬਾਰਾਂ ਉਸ,
ਨਾ ਮੁੱਲ ਪਿਆ ਇੱਕ ਧੇਲੇ ਵੇ।

ਕਾਲ਼ੀ ਲੈਲਾ, ਕੈਸ ਸੀ ਸੋਹਣਾ,
ਮੇਲ ਕੈਸਾ ਰੱਬ ਨੇ ਜੋੜਿਆ ਵੇ।
ਸ਼ਰੀਕ ਆ ਗਿਆ ਫਿਰ ਬਣ ਪੈਸਾ,
ਰਿਸ਼ਤਾ ਸੱਚੀਆਂ ਮੁਹੱਬਤਾਂ ਦਾ ਤੋੜਿਆ ਵੇ।

ਨਹੀਂ ਘਰ ਰੱਬ ਦਾ ਮੈਂ ਵੇਖਿਆ,
ਪਰ ਘਰ ਸੱਜਣਾਂ ਦਾ ਪਾਸ ਵੇ।
ਮੈਂ ਰੱਬ ਸੱਜਣ ਵਿੱਚ ਵੇਖਿਆ,
ਬੁਝ ਗਈ ਦਿਲ ਦੀ ਪਿਆਸ ਵੇ।

ਪਤਾ ਨਹੀਂ ਕਿਹੜੇ ਰੂਪੀਂ,
ਧਰਤੀ ਫਿਰਦਾ ਰੱਬ ਵੇ।
ਕਦੇ ਵਿੱਚ ਗਣਕਾ ਦੇ ਲੱਭਦਾ,
ਕਦੇ ਲੱਭੇ ਸੱਜਣ ਠੱਗ ਵੇ।

ਜੇ ਰੱਬ ਦਿਲਾਂ ਵਿੱਚ ਵੱਸਦਾ,
ਕੀ ਰੱਖਿਐ ਮੰਦਰੀਂ ਜਾ ਵੇ।
ਕਿਉਂ ਜਾ ਕੇ ਜੰਗਲੀਂ ਲੱਭਦੈਂ,
ਜਦੋਂ ਬੁੱਕਲ ਵਿੱਚ ਖ਼ੁਦਾ ਵੇ।

ਇਹ ਖ਼ਲਕਤ ਉਸ ਖ਼ੁਦਾ ਦੀ,
ਮੇਰੀ ਮੇਰੀ ਕਹਿ ਪਾਈਏ ਸ਼ੋਰ ਵੇ।
ਅਸੀਂ ਹੱਕ ਗ਼ੈਰਾਂ ਦੇ ਖੋਹ ਕੇ,
ਨਿੱਤ ਬਣਦੇ ਹਾਂ ਚੋਰ ਵੇ।

ਜਾਂ ਵਿੱਚ ਕਬਰਾਂ ਦੇ ਦਫ਼ਨ ਕਰੋ,
ਜਾਂ ਅਗਨੀ ਵਿੱਚ ਜਲਾ ਵੇ।
ਇਹ ਪੁਤਲਾ ਹੈ ਖ਼ਾਕ ਦਾ,
ਦੇਣਾ ਮਿੱਟੀ ਵਿੱਚ ਮਿਲਾ ਵੇ।

ਭਾਵੇਂ ਬ੍ਰਾਮਣ ਬਹਿ ਕੇ ਪੂਜ ਲੋ,
ਭਾਵੇਂ ਭਾਈਆਂ ਤਾਂਈ ਖਵਾ ਵੇ।
ਦਿਓ ਰੋਟੀ ਉਸ ਗ਼ਰੀਬ ਨੂੰ,
ਜਿਹੜਾ ਭੁੱਖਿਆਂ ਰਾਤ ਲੰਘਾ ਵੇ।

ਰੱਬਾ ਕਿਉਂ ਹੈ ਲਿਖਦਾ,
ਲੋਕਾਂ ਦੇ ਮਾੜੇ ਲੇਖ ਵੇ।
ਕਿਵੇਂ ਸਹਿੰਦੇ ਨੇ ਇਹ ਦੁਖੜੇ,
ਕਦੇ ਬੰਦਾ ਬਣ ਕੇ ਵੇਖ ਵੇ।

ਭਾਈ ਮਾਰੇ ਭਾਈ ਨੂੰ,
ਪੁੱਤਰ ਮਾਰੇ ਪਿਓ ਵੇ।
ਕੀ ਕਹਿਰ ਕਮਾਵੇਂ ਰੱਬ ਤੂੰ,
ਕਿਓਂ ਬੈਠਾ ਅੱਖਾਂ ਢੋਅ ਵੇ।

ਕੱਲਿਆਂ ਬਹਿ ਨਿੱਤ ਨਿੱਤ ਮੈਂ ਰੋਵਾਂ,
ਆਪਣੇ ਵਿਛੜੇ ਯਾਰਾਂ ਵੇ।
ਜਿਹੜੇ ਇੱਕ ਇੱਕ ਕਰਕੇ ਵਿਛੜੇ,
ਅਸਮਾਨੀ ਉਡਦੀਆਂ ਡਾਰਾਂ ਵੇ।

ਖ਼ਾਲੀ ਹੱਥੀਂ ਆਂਵਦਾ,
ਤੇ ਖ਼ਾਲੀ ਹੱਥ ਹੀ ਜਾਏ ਵੇ।
ਭਾਵੇਂ ਝੁੱਗੀਆਂ ਅੰਦਰ ਰਹਿ ਗਿਆ,
ਭਾਵੇਂ ਸਿਰ ਤੇ ਮੁਕਟ ਸਜਾਏ ਵੇ।

ਹੋਵੇ ਕਿਸੇ ਖ਼ੁਦਾਰ ਲਈ,
ਮੰਗਣਾ ਵਾਂਗੂ ਮੌਤ ਵੇ।
ਤੇ ਵਿੱਚ ਗ਼ਮਾਂ ਮਰ ਜਾਂਵਦਾ,
ਜਿਵੇਂ ਸਿਰ ਬੈਠੇ ਆ ਸੌਂਤ ਵੇ।

ਤੁਰ ਗਏ ਦੂਰ ਸੱਜਣ ਮਿੱਤਰ ਨੇ,
ਕੋਈ 'ਵਾਂਜਾਂ ਮਾਰ ਬੁਲਾਵੇ ਵੇ।
ਹੁਣ ਕੱਲਿਆਂ ਸਾਡਾ ਜੀਅ ਨਹੀਂ ਲਗਦਾ,
ਕੋਈ ਆ ਕੇ ਵਕਤ ਲੰਘਾਵੇ ਵੇ।

ਤੁਰ ਗਏ ਵਾਰੀ ਵਾਰੀ ਜੱਗ ਤੋਂ,
ਦਲਜੀਤਾ, ਮਲਕੀਤਾ, ਪ੍ਰਕਾਸ਼ੇ ਵੇ।
ਜਿਨ੍ਹਾਂ ਸੰਗ ਇਸ ਧਰਤ ਤੇ ਮਾਣੇ,
ਦੁਨੀਆਂ ਦੇ ਰੰਗ ਤਮਾਸ਼ੇ ਵੇ।

ਭਾਵੇਂ ਆਏ ਕੱਲੇ ਕੱਲੇ,
ਪਰ ਜੇ ਕੱਠਿਆਂ ਟੁਰ ਜਾਂਦੇ ਵੇ।
ਨਹੀਂ ਦੇਣੇ ਸੀ ਰੱਬਾ ਤੈਨੂੰ,
ਮੈਂ ਕੱਲਿਆਂ ਰਹਿ ਉਲਾਂਭੇ ਵੇ।

ਬੜੀ ਅਜੀਬ ਇਹ ਦੁਨੀਆਂ ਤੇਰੀ,
ਕਦੇ ਰੋਏ ਕਦੇ ਹੱਸੇ ਵੇ।
ਇੱਥੋਂ ਜਾਣ ਨੂੰ ਜੀ ਨਹੀਂ ਕਰਦਾ,
ਭਾਵੇਂ ਪੈਂਦੇ ਨਿੱਤ ਨੇ ਧੱਕੇ ਵੇ।

ਕਿੱਧਰ ਗਈਆਂ ਉਹ ਜੱਗ ਦੀਆਂ ਗੀਤਾਂ,
ਜਿਹਦੇ ਗਾਉਂਦੇ ਬਜ਼ੁਰਗ ਸੀ ਸੋਹਲੇ ਵੇ।
ਨਾ ਲੱਭੇ ਉਹ ਸ਼ਰਮ ਹਯਾ ਅੱਜ,
ਜਿਵੇਂ ਬੁੱਕਲ ਕਿਸੇ ਲਕੋ ਲਏ ਵੇ।

ਰਿਸ਼ਤੇ ਖ਼ੂਨ ਦੇ ਪੈ ਗਏ ਝੂਠੇ,
ਰੱਬਾ ਕਿਸ ਤੇ ਕਰੇ ਇਤਬਾਰ ਵੇ।
ਭੁੱਲ ਜਾਂਦੇ ਸਭ ਰਿਸ਼ਤੇ ਆਪਣੇ,
ਜਿਸ ਦੇ ਪੱਲੇ ਪੈਸੇ ਚਾਰ ਵੇ।

ਨਾ ਖ਼ੂਹਾਂ ਤੇ ਵੱਸਦਾ ਰੱਬ ਏ ਲੋਕੋ,
ਨਾ ਖ਼ੁਸ਼ਬੂ ਧਰਤੀ ਤੋਂ ਆਵੇ ਵੇ।
ਗੰਧਲਾ ਹੋਇਆ ਚਾਰ-ਚੁਫ਼ੇਰਾ,
ਕੋਈ ਅਰਸ਼ੋਂ ਅੰਮ੍ਰਿਤ ਵਰਸਾਵੇ ਵੇ।

ਮਾਂ ਬੋਲੀ ਨੇ ਭੁੱਲੇ ਲੋਕੀ,
ਮਾਵਾਂ ਵੀ ਭੁੱਲ ਗਈਆਂ ਵੇ।
ਜਿਨ੍ਹਾਂ ਧਰਤ ਸਿਖਾਇਆ ਜਿਓਣਾ,
ਵਿੱਚ ਧਰਤੀ ਰੁਲ਼ ਗਈਆਂ ਵੇ।

ਵਕਤ ਚਲਾਇਆ ਝੱਖੜ ਐਸਾ,
ਢਾਹ ਦਿੱਤੇ ਸਭ ਬਨੇਰੇ ਵੇ।
ਪੁੱਟੇ ਬੁੱਢੇ ਦਰਖ਼ਤ ਜੜ੍ਹਾਂ ਤੋਂ,
ਜਾ ਵਿਦੇਸ਼ਾਂ ਲਾਏ ਡੇਰੇ ਵੇ।

ਰੂਹ ਮੋਈ ਪੰਜਾਬ ਮੇਰੇ ਦੀ,
ਨਾ ਕਰਦਾ ਕੋਈ ਸਿਆਪਾ ਵੇ।
ਮੁਸ਼ਕ ਮਾਰਦੀ ਲਾਸ਼ ਇਹ ਚੁੱਕੋ,
ਕੋਈ ਨਵਾਂ ਕਰੋ ਜਨਾਪਾ ਵੇ।

ਦਿਲ ਰੋਂਦਾ ਏ ਜ਼ਾਰ-ਜ਼ਾਰ,
ਪਰ ਨਾ ਅੱਖੀਂ ਹੰਝੂ ਆਵੇ ਵੇ।
ਮਤੇ ਕੋਈ ਸਰਕਾਰੇ ਜਾ ਕੇ,
ਕੋਈ ਪੁੱਠੀ ਮੱਤ ਪੜ੍ਹਾਵੇ ਵੇ।

ਕੀ ਕਰਨੇ ਅਜਿਹੇ ਪੁੱਤ ਨੇ ਲੋਕੋ,
ਜਿਹੜੇ ਨਸ਼ਿਆਂ ਦੇ ਵਿੱਚ ਡੁੱਬੇ ਵੇ।
ਸ਼ਤੀਰਾਂ ਵਰਗੇ ਜਿਸਮ ਜਿਨ੍ਹਾਂ ਦੇ,
ਅੱਜ ਹੌ ਗਏ ਨੇ ਕੁੱਬੇ ਵੇ।

ਫੇਰ ਜੜੀਂ ਇਹ ਦਾਤੀ ਤੇਰੇ,
ਵਿਖਾਓਂਦੇ ਡਾਢਾ ਪਿਆਰ ਵੇ।
ਕਿਹੜੇ ਕੰਮੀ ਰੁੱਝਿਆ ਵੇਖੋ,
ਯਾਰਾਂ ਦਾ ਸੰਸਾਰ ਵੇ।

ਜੀ ਕਰਦੈ ਹੁਣ ਖੇਡਾਂ ਜਾ ਕੇ,
ਬਹਿ ਯਾਰ ਦੀ ਬੁੱਕਲ ਵੇ।
ਡੋਰੀਂ ਫੜ ਉਡਾਵੇ ਮੈਨੂੰ,
ਜਿਓਂ ਉੱਡੇ ਪਤੰਗ ਕੋਈ ਤੁੱਕਲ ਵੇ।

ਮੂੰਹ ਰਾਮ ਰਾਮ ਛੁਰੀ ਬਗਲ ਵਿੱਚ,
ਕਿਹਾ ਜੱਗ ਨੇ ਭੇਸ ਵਟਾਇਆ ਵੇ।
ਪਲ਼ ਪਲ਼ ਬਦਲਦੇ ਰੰਗ ਨੇ ਲੋਕੀ,
ਬਣਕੇ ਯਾਰ ਫੇਰ ਖੁੱਕ ਚਟਾਇਆ ਵੇ।

ਪਿੱਠ ਵਟਦੇ ਛੁਰੀ ਮਾਰਦੇ,
ਪਏ ਸੁੱਤਿਆਂ ਕਰਦੇ ਵਾਰ ਵੇ।
ਧੀਆਂ ਭੈਣਾਂ ਤੇ ਰੱਖਦੇ ਅੱਖ ਮਾੜੀ,
ਇਹ ਕਲਜੁੱਗੀ ਕਿਹੇ ਯਾਰ ਵੇ।



ਯਾਰ ਦਿੰਦੇ ਸੀ ਪਹਿਲਾਂ ਜਾਨ ਯਾਰ ਪਿੱਛੇ,
ਜ਼ਿੰਦਗੀ ਕਦੇ ਕੱਟੀ ਨਾ ਬਣ ਬਦਕਾਰ ਵੇ।
ਘਰ ਯਾਰ ਦੇ ਦੁੱਖਾਂ ਕਦੇ ਸੱਟ ਮਾਰੀ,
ਵਾਂਗ ਆਪਣਿਆਂ ਲਈ ਜਾ ਸਾਰ ਵੇ।

ਜਿਹੜੇ ਵਿੱਚ ਦਾਜਾਂ ਦੇ ਮਿਲਦੇ,
ਕਿੱਧਰ ਗਏ ਓਹ ਚਰਖ਼ੇ ਵੇ।
ਬਹਿ ਬਾਬਲ ਨੂੰ ਚੇਤੇ ਕਰਨਾ,
ਵਿੱਚ ਤਰਿਜੰਣਾਂ ਧਰਕੇ ਵੇ।

ਵਿੱਚ ਤਰਿਜੰਣਾਂ ਹੱਸਣਾ ਖੇਡਣਾ,
ਗੀਤ ਸ਼ਗਨਾਂ ਦੇ ਗਾਉਣੇ ਵੇ।
ਪੋਰਾਂ ਉੱਤੇ ਨਿੱਤ ਦਿਨ ਗਿਨਣੇ,
ਕਦੋਂ ਸੱਜਣ ਘਰ ਆਉਣੇ ਵੇ।

ਨਵੀਂਆ ਵਿਆਹੀਆਂ ਆ ਹਾਲ਼ ਸੁਨਾਉਣੇ,
ਕਿਵੇਂ ਸਹੁਰੇ ਰਾਤਾਂ ਲੰਘਦੀਆਂ ਵੇ।
ਮੂੰਹ ਹੋ ਜਾਵਣ ਲਾਲ ਕੰਨਾਂ ਤੱਕ,
ਕਰ ਚੁੰਨੀਆਂ ਮੂੰਹ ਤੇ ਸੰਗਦੀਆਂ ਵੇ।

ਕਦੇ ਮਾਰ ਤਾੜੀਆਂ ਉੱਚਿਆਂ ਹੱਸਣਾ,
ਕਦੇ ਅੱਖ ਨੀਵੀਂ ਕਰ ਸ਼ਰਮਾਉਣਾ ਵੇ।
ਕਦੇ ਆਖਣਾ ਨਾ ਨੀਂ ਸਈਓ,
ਮੈਂ ਨਹੀਂ ਵਿਆਹ ਕਰਵਾਉਣਾ ਵੇ।

ਹੌਲ਼ੀ ਹੌਲ਼ੀ ਵਿਦਾ ਹੋ ਗਈਆਂ,
ਸਈਆਂ ਡੋਲ਼ੀ ਬਹਿ ਕੇ ਵੇ।
ਮੈਂ ਤੱਤੜੀ ਵਿੱਚ ਸੋਚਾਂ ਡੁੱਬਾਂ,
ਕੀ ਹੋਣਾ ਕੱਲਿਆਂ ਰਹਿ ਕੇ ਵੇ।

ਬੈਠੀ ਰੋਜ਼ ਓਹ ਵੇਲ਼ਾ 'ਡੀਕਾਂ,
ਕਦੋਂ ਆਊ ਕੋਈ ਘੋੜੀ ਚੜ੍ਹ ਕੇ ਵੇ।
ਕਦੋਂ ਆਊ ਉਹ ਰਾਤ ਵਸਲ ਦੀ,
ਜਦ ਬੂਹਾ ਮੇਰਾ ਖੜਕੇ ਵੇ।

ਮੂੰਹੋਂ ਕੱਢੇ ਬੋਲ਼ ਕਦੇ ਵੀ,
ਹੋ ਜਾਂਦੇ ਨੇ ਸੱਚੇ ਵੇ।
ਬਦਲ ਜਾਂਦੇ ਨੇ ਲੇਖ ਕਿਸਮਤ ਦੇ,
ਜਿਵੇਂ ਰੰਗ ਬਦਲਦੇ ਕੱਚੇ ਵੇ।

ਬੇ-ਵਫ਼ਾ ਲਈ ਜਾਨ ਜੋ ਦੇਵੇ,
ਓਹ ਕਰੇ ਇਸ਼ਕ ਨਾਲ਼ ਧੋਖਾ ਵੇ।
ਮੌਤ ਨਾਲ਼ੋਂ ਵਿੱਚ ਬਿਰਹੋਂ ਜਿਊਣਾ,
ਕਿਉਂ ਲੱਗਦਾ ਏ ਔਖਾ ਵੇ।

ਵਿੱਚ ਇਸ਼ਕ ਫੇਰ ਮਜ਼ਾ ਵੀ ਆਓਂਦਾ,
ਜਦੋਂ ਮਰੀਏ ਦੋਵੇਂ ਰਲ਼ ਕੇ ਵੇ।
ਗੱਲ ਕਰੇ ਜੱਗ ਮੂੰਹ ਉਂਗਲਾ ਪਾ ਕੇ,
ਨਾਲ਼ੇ ਤੱਕੇ ਅੱਖਾਂ ਮਲ਼ ਕੇ ਵੇ।





ਨਹੀਂ ਜ਼ਰੂਰੀ ਇਸ਼ਕ 'ਚ ਮਰਨਾ,
ਕੱਢੋ ਦਿਨ ਰਹਿ ਕੱਲਿਆਂ ਵੇ।
ਇਸ਼ਕ ਹਕੀਕੀ ਰਚਾ, ਹੱਡਾਂ ਵਿੱਚ,
ਨੱਚੋਂ ਬਣ ਫਿਰ ਝੱਲਿਆਂ ਵੇ।

ਬੁੱਲ੍ਹਾ ਆਖੇ ਰੱਬ ਦਾ ਕੀ ਪਾਉਣਾ,
ਇੱਥੋਂ ਪੁੱਟਿਆ, ਇੱਧਰ ਲਾਇਆ ਵੇ।
ਜਿਹੜਾ ਦਿਲ ਨੂੰ ਲੱਗਿਆ ਸੋਹਣਾ,
ਉਹ ਦਿਲ 'ਚ ਰੱਖ ਧਿਆਇਆ ਵੇ।

ਹੋਣ ਕਦੇ ਨਾ ਲੇਖੇ ਜੋਖੇ,
ਜਦੋਂ ਸੱਜਣ ਦਿਲ ਵਸਾਇਆ ਵੇ।
ਨਹੀਂ ਦੇਖੀਦਾ ਇਸ਼ਕ 'ਚ ਲੋਕੋ,
ਕੀ ਖੋਇਆ, ਕੀ ਪਾਇਆ ਵੇ।

ਇਸ਼ਕ 'ਚ ਹੁੰਦਾ ਦੇਣਾ ਲੋਕੋ,
ਨਹੀਂ ਹੁੰਦਾ ਕੁਝ ਲੈਣਾ ਵੇ।
ਅਜਲੋਂ ਹੁੰਦੇ ਇਸ਼ਕ ਦੇ ਮੇਲੇ,
ਰਜ਼ਾ 'ਚ ਪੈਂਦਾ ਰਹਿਣਾ ਵੇ।

ਵੱਟੋ ਨਾ ਨੱਕ ਰੂਪ ਵੇਖ ਕੇ,
ਜੋ ਲਿਖਿਆ ਕਿਸਮਤ ਮਿਲਦਾ ਵੇ।
ਜਦੋਂ ਹੋਣ ਉਜਾੜਾਂ, ਵਿੱਚ ਕਿਸਮਤਾਂ,
ਕਦੇ ਬਾਗ਼ੀ ਫੁੱਲ ਨਾ ਖਿਲਦਾ ਵੇ।

ਚੜਦੇ ਰੰਗ ਇਸ਼ਕ ਵਿੱਚ ਚੋਖੇ,
ਜਿਨ੍ਹਾਂ ਯਾਰੀਆਂ ਲਾਈਆਂ ਸੱਚੀਆਂ ਵੇ।
ਬੁੱਲ੍ਹੇ ਯਾਰ ਮਨਾਵਣ ਖ਼ਾਤਰ,
ਕੰਜਰੀ ਬਣ ਬਣ, ਨੱਚੀਆਂ ਵੇ।

ਤੂੰ ਡਾਢਾ ਤੇਰਾ ਸਾਹਿਬ ਡਾਢਾ,
ਸਿਰ ਰਖਦੇ ਕਰ ਕਰ ਮਿਹਰਾਂ ਵੇ।
ਆਪਣਾ ਨਾ ਕੁਝ ਆਖੋ ਲੋਕੋ,
ਆਖੋ ਸਭ ਕੁਝ ਤੇਰਾ ਵੇ।

ਦੋਵੇਂ ਹੱਥੀਂ ਵੰਡੇ ਸਾਹਿਬ,
ਪਰ ਪਲ਼ ਵਿੱਚ ਲਾਵੇ ਖੋਰਾ ਵੇ।
ਖੋਹ ਲੈਂਦਾ ਬੇ ਮੁੱਖ ਹੋ ਕੇ,
ਇਹ ਸਾਹਿਬ ਡਾਢਾ ਕੋਰਾ ਵੇ।

ਕੌਣ ਆਖੇ ਇਸ ਸਾਹਿਬ ਤਾਂਈ,
ਕਿਓਂ ਕਰਦੈਂ ਡਾਢੇ ਲੋਹੜੇ ਵੇ।
ਕਿਓਂ ਹੋਵੇ ਖ਼ੁਸ਼ ਦਰਗਾਹੀਂ ਬਹਿ ਕੇ,
ਜਦੋਂ ਜੱਗ ਰੋਵੇ ਵਿੱਚ ਵਿਛੋੜੇ ਵੇ।

ਤੇਰੀਆਂ ਜਾਣੇ ਤੂੰ ਹੀ ਰੱਬਾ,
ਅਸੀਂ ਬੰਦੇ ਅਕਲਾਂ ਮਾਰੇ ਵੇ।
ਸਮਝ ਨਹੀਂ ਆਉਂਦੇ ਖੇਲ੍ਹ ਅਸਾਂ ਨੂੰ,
ਜਿਹੜੇ ਖੇਡੇ ਖੇਲ੍ਹ ਨਿਆਰੇ ਵੇ।



ਵੱਡਾ ਖੇਡ ਰਚਾਇਆ ਰੱਬਾ,
ਜੱਗ ਘੁੰਮਣ ਘੇਰੀ ਪਾਇਆ ਵੇ।
ਲੋਕ ਵਾਂਗ ਕਮਲਿਆਂ ਭੱਜੇ ਫਿਰਦੇ,
ਜਿੱਧਰ ਨੂੰ ਮੂੰਹ ਆਇਆ ਵੇ।

ਮੇਰੀ ਮੇਰੀ ਕਰਦਾ ਬੰਦਾ,
ਖ਼ਾਲੀ ਹੱਥ ਤੁਰ ਜਾਵੇ ਵੇ।
ਫੇਰ ਵੀ ਸਮਝ ਨਾ ਆਈ ਲੋਕਾਂ,
ਹਰ ਸ਼ੈਅ ਤੇ ਹੱਕ ਜਮਾਵੇ ਵੇ।

ਐਡੇ ਐਡੇ ਤਖ਼ਤਾਂ ਦੇ ਵਾਲੀ,
ਜਿਨ੍ਹਾਂ ਵੱਡੇ ਮਹਿਲ ਸਜਾਏ ਵੇ।
ਵਾਂਗ ਫ਼ਕੀਰਾਂ ਤੁਰ ਗਏ ਲੋਕੋ,
ਜਾ ਦੋ ਗਜ਼ ਧਰਤ ਸਮਾਏ ਵੇ।

ਤੇਰਾ ਨਾ ਕੋਈ ਮੇਰਾ ਇੱਥੇ,
ਸਭ ਰਿਸ਼ਤੇ ਬਸ ਖ਼ਿਆਲੀ ਵੇ।
ਫੇਰ ਆਪਣਾ ਕੀ ਇੱਥੇ ਲੋਕੋ,
ਹਰ ਕੋਈ ਬਣੇ ਸਵਾਲੀ ਵੇ।

ਮੈਂ ਭੁੱਲਿਆ ਮੈਂ ਭੁੱਲਿਆ ਰੱਬਾ,
ਨਾ ਰਿਸ਼ਤਾ ਆਪਣਾ ਤੋੜੀਂ ਵੇ।
ਮੈਂ ਦਰ ਤੇਰੇ ਦਾ ਕੁੱਤਾ,
ਭਾਵੇਂ ਛਿੱਤਰ ਮਾਰ ਕਰੋੜੀਂ ਵੇ।

ਦਰ ਤੇਰਾ ਨਹੀਂ ਛੱਡਣਾਂ ਰੱਬਾ,
ਭਾਵੇਂ ਮਾਰ ਸੂਲਾਂ ਤੂੰ ਤਿੱਖੀਆਂ ਵੇ।
ਸਹਿਣੀ ਪੈਣੀ ਪੀੜ ਓਹ ਸਾਰੀ,
ਜੋ ਕਿਸਮਤ ਸਾਡੀ ਵਿੱਚ ਲਿੱਖੀਆਂ ਵੇ।

ਭਾਵੇਂ ਮਿੱਟੀ ਵਿੱਚ ਮਿੱਟੀ ਕਰ ਦੇ,
ਭਾਵੇਂ ਵਿੱਚ ਪਾਣੀ ਦੇ ਰੋੜ੍ਹੀਂ ਵੇ।
ਭਾਵੇਂ ਸਾੜੀਂ ਵਿੱਚ ਅੱਗ ਦੋਜ਼ਖ਼ ਦੇ,
ਪਰ ਸਾਥ ਨਾ ਆਪਣਾ ਤੋੜੀਂ ਵੇ।

ਰੱਬਾ ਪੀੜ ਦੇ ਤੂੰ ਐਸੀ,
ਨਾਂਅ ਤੇਰਾ ਮੂੰਹ ਤੇ ਆਵੇ ਵੇ।
ਜਾਂ ਫਿਰ ਪੀੜ ਹਿਜਰ ਦੇ ਐਸੀ,
ਦਿਲ ਬਿਰਹੋਂ ਵਿੱਚ ਕੁਰਲਾਵੇ ਵੇ।

ਭਾਵੇਂ ਲੱਖ ਬੇਗਾਨਾ ਹੋ ਜਾ,
ਰਿਸ਼ਤੇ ਇਹ ਨਹੀਂ ਟੁੱਟਣੇ ਵੇ।
ਬਿਨਾਂ ਮਿਹਰ ਤੇਰੀ, ਮੇਰੇ ਸਾਹਿਬਾ,
ਨਹੀਂ ਜੰਜਾਲ ਦੁਨੀਆਂ ਦੇ ਛੁੱਟਣੇ ਵੇ।

ਜੀਹਨੇ ਰੋਗ ਲਾ ਲਿਆ ਤੇਰਾ,
ਮਹਿਲੀਂ ਛੱਡ ਜੰਗਲੀਂ ਭੱਜਿਆ ਵੇ।
ਜਿਹਨੂੰ ਮੋਹ ਲਿਆ ਧਨ ਜੋਬਨ ਨੇ,
ਦੁਨੀਆਂ ਵਿੱਚ ਗਿਆ ਠੱਗਿਆ ਵੇ।

ਬਾਬਲ ਨੇ ਵਰ ਟੋਲ਼ ਕੇ ਲੋਕੋ,
ਭਾਰ ਦਿੱਤਾ ਮੋਢਿਓਂ ਲਾਹ ਵੇ।
ਕਿੰਨਾ ਖਰਾ ਖੋਟਾ ਇਹ ਸਿੱਕਾ,
ਨਹੀਂ ਇਸ ਦਾ ਕੋਈ ਪਤਾ ਵੇ।

ਬਾਬਲ ਪਾਲ਼ ਕੇ ਲਾਡਾਂ ਮੈਨੂੰ,
ਕਿਉਂ ਦਿੱਤਾ ਗ਼ੈਰ ਫੜਾ ਵੇ।
ਜਿੰਦ ਬੇਗਾਨਿਆਂ ਹੱਥੀਂ ਪਾਈ,
ਆਪ ਦਿੰਦਾ ਸੂਲ਼ੀ ਚੜ੍ਹਾ ਵੇ।

ਹਾਲ਼ ਘਰ ਤੇਰੇ ਦਾ ਬਾਬਲ,
ਮੈਂ ਜਾਣਾ ਹਾਂ ਸਭ ਵੇ।
ਪਰ ਦਿਲ ਦੀ ਹੂਕ ਸੁਣਾਵਾਂ ਕਿਸ ਨੂੰ,
ਨਹੀਂ ਸੁਣਦਾ ਜਦ ਰੱਬ ਵੇ।

ਵਾਂਗ ਲੋਗੜਾਂ ਉਧੇੜ ਦਿੱਤਾ ਏ,
ਚੰਮ ਜਿਸਮ ਤੋਂ ਮੇਰਾ ਵੇ।
ਵਿੱਚ ਸਿਸਕੀਆਂ ਰਾਤ ਲੰਘਦੀ,
ਹੋਵੇ ਗ਼ਾਲ਼ਾਂ ਨਾਲ਼ ਸਵੇਰਾ ਵੇ।

ਕਹਿਰ ਕਮਾਇਆ ਲੋਕਾਂ ਐਨਾ,
ਮੰਗਿਆਂ ਮੌਤ ਨਾ ਆਵੇ ਵੇ।
ਦੁੱਖ ਚਿੰਬੜੇ ਨੇ ਨਾਲ਼ ਜਿਸਮ ਦੇ,
ਸੁੱਖ ਦੂਰੋਂ ਲੰਘ ਜਾਵੇ ਵੇ।

ਨਹੀਂ ਬਾਬਲਾ ਦੋਸ਼ ਕੋਈ ਤੇਰਾ,
ਇਹ ਕਰਮਾਂ ਦੇ ਲੇਖੇ ਵੇ।
ਕੋਈ ਤਾਂ ਹੋਵੇ ਰੱਬਾ ਜੱਗ ਤੇ,
ਜੋ ਦੁੱਖ ਧੀਆਂ ਦੇ ਵੇਖੇ ਵੇ।

ਮੁੱਢ ਤੋਂ ਇਹੀ ਹਾਲ ਹੈ ਸਾਡਾ,
ਅਸੀਂ ਵਿੱਚ ਕੁੱਖਾਂ ਦੇ ਮਰੀਆਂ ਵੇ।
ਘਰ ਰਾਜਿਆਂ ਜੰਮ ਕੇ ਵੀ ਅਸੀਂ,
ਵਿੱਚ ਜੂਏ ਦੇ ਹਰੀਆਂ ਵੇ।

ਨਾਲ਼ ਤੁਰੀਆਂ ਅਸੀਂ ਵਿੱਚ ਜੰਗਲਾਂ,
ਸੁੱਖ ਆਇਆ ਘਰ ਤੋਂ ਕੱਢੀਆਂ ਵੇ।
ਜੀ ਕੀਤਾ ਸਾਡੇ ਨਾਲ਼ ਖੇਡਿਆ,
ਜਦ ਜੀ ਆਇਆ, ਛੱਡੀਆਂ ਵੇ।

ਕਹਿਣ ਸਦਾ ਬਦਕਾਰ ਔਰਤ ਨੂੰ,
ਕਹਿੰਦੇ ਪੁਰਸ਼ ਨਾ ਹੋਵੇ ਮਾੜਾ ਵੇ।
ਅਸਮਤ ਲੁੱਟਦੇ ਪੁਰਸ਼ ਨਾਰ ਦੀ,
ਸਿਰ ਔਰਤ ਰਹੇ ਕੁਹਾੜਾ ਵੇ।

ਉਮਰ ਬੀਤ ਗਈ ਵਿੱਚ ਗ਼ਰੀਬੀ,
ਸਾਹ ਸੁੱਖ ਦਾ ਕਦੇ ਨਾ ਆਇਆ ਵੇ।
ਵਿੱਚ ਉਮੀਦਾਂ ਦੇ ਲੰਘੀ ਜ਼ਿੰਦਗੀ,
ਹਰ ਪਲ਼ ਹੈ ਦੁੱਖ ਹੰਢਾਇਆ ਵੇ।

ਪਤਾ ਨਹੀਂ ਹੁੰਦੇ ਕਿਵੇਂ ਯਾਰੋ,
ਖ਼ੁਆਬ ਲੋਕਾਂ ਦੇ ਪੂਰੇ ਵੇ।
ਰਿਹਾ ਸਦਾ ਘਰ ਨੇਰ੍ਹਾ ਸਾਡੇ,
ਖ਼ਾਬ ਰਹੇ ਸਦਾ ਹੀ ਅਧੂਰੇ ਵੇ।

ਵਿੱਚ ਨਸੀਬਾਂ ਜਦੋਂ ਨੇਰ੍ਹੇ ਹੋਵਣ,
ਕੀ ਕਰਨੇ ਬਾਲ ਚਿਰਾਗ਼ਾਂ ਵੇ।
ਲੰਘੂ ਜ਼ਿੰਦਗੀ ਵਿੱਚ ਠੋਕਰਾਂ ਦੇ,
ਲਿਖਿਆ ਮੇਰੇ ਵਿੱਚ ਭਾਗਾਂ ਵੇ।

ਦਰਿਆ ਵਗਦੇ ਜਿੱਥੇ ਹੰਝੂਆਂ ਦੇ,
ਹੋਵੇ ਕਿਸ਼ਤੀ ਕਿਸਮਤ ਦੀ ਟੁੱਟੀ ਵੇ।
ਕਦੋਂ ਪਹੁੰਚਦੀ ਉਹ ਧੁਰ ਡੋਲ਼ੀ,
ਜਿਹੜੀ ਆਪ ਕਹਾਰਾਂ ਲੁੱਟੀ ਵੇ।

ਚੂੜੇ, ਛਾਪਾਂ, ਛੱਲੇ ਰਹਿ ਗਏ,
ਵਿੱਚ ਹੱਥਾਂ ਦੇ ਪਾਏ ਵੇ।
ਉੱਡ ਗਏ ਦਾਣਾ ਚੁੱਗ ਕੇ ਪੰਛੀ,
ਸੀ ਜੋ ਪਰਦੇਸੋਂ ਆਏ ਵੇ।

ਬੂਹੇ ਬੈਠੀਆਂ ਧੀਆਂ ਰੋਵਣ,
ਹੰਝੂ ਵਗਦੇ ਵਿੱਚ ਵਿਛੋੜੇ ਵੇ।
ਕਦੋਂ ਮੁੱਕਣੀ ਆਸ ਅਭਾਗੀ,
ਦਿਨ ਜ਼ਿੰਦਗੀ ਦੇ ਥੋੜ੍ਹੇ ਵੇ।

ਛੱਡ ਗਏ ਯਾਰ ਵਿੱਚ ਭੁਲੇਖਿਆਂ,
ਨਾ ਆਏ ਮੁੜਕੇ ਡਾਹ ਵੇ।
ਉਮਰ ਲੰਘ ਗਈ ਪੈੜ ਲੱਭਦਿਆਂ,
ਨਾ ਨਜ਼ਰੀਂ ਆਇਆ ਰਾਹ ਵੇ।

ਉਲਝ ਗਏ ਹਾਂ ਵਿੱਚ ਹਨੇਰਿਆਂ,
ਨਾ ਨਜ਼ਰੀਂ ਪੈਂਦੀ ਲੋਅ ਵੇ।
ਰੱਬਾ ਟੇਕ ਤੇਰੇ ਤੇ ਲਾਈ,
ਨਾ ਲਈਂ ਤੂੰ ਬੂਹੇ ਢੋਅ ਵੇ।

ਵਾਂਗ ਤਾਰਿਆਂ ਰਹੇ ਟੁੱਟਦੇ,
ਤੇਰੇ ਕੀਤੇ ਵਾਅਦੇ ਵੇ।
ਨਾਲ਼ ਦਿਲਾਂ ਦੇ ਖੇਡਣ ਵਾਲ਼ੇ,
ਕਦੋਂ ਰੱਖਦੇ ਨੇਕ ਇਰਾਦੇ ਵੇ।

ਚੂਰਾ ਚੂਰਾ ਹੋਈਆਂ ਸੱਧਰਾਂ,
ਵਾਂਗ ਕੱਚ ਦੀਆਂ ਵੰਗਾਂ ਵੇ।
ਕੋਲ਼ਾ ਬਣ ਬਣ ਸੜ ਰਹੀਆਂ ਨੇ,
ਦਿਲ ਦੀਆਂ ਸਭ ਉਮੰਗਾਂ ਵੇ।

ਚੜ੍ਹ ਕੰਜਰੀ ਦੇ ਕੋਠੇ ਕੋਈ,
ਰਾਮ ਰਾਮ ਲੱਖ ਗਾਵੇ ਵੇ।
ਕਦੋਂ ਕੋਈ ਇਤਬਾਰ ਹੈ ਕਰਦਾ,
ਮੂੰਹ ਕਾਲਖ਼ ਲੱਗ ਜਾਵੇ ਵੇ।

ਮੰਦਿਰ ਮਸਜਿਦ ਜਾ ਕੇ ਪੀਵੇ,
ਤਾਂ ਵੀ ਦੁਨੀਆਂ ਆਖੇ ਚੰਗਾ ਵੇ।
ਅੰਨ੍ਹੀ ਦੁਨੀਆਂ ਭੇਦ ਨਾ ਜਾਣੇ,
ਕੌਣ ਭਲਾ ਕੌਣ ਮੰਦਾ ਵੇ।

ਚਿੱਟੇ ਕੱਪੜੇ ਤਨ ਸਜਾਏ,
ਕਾਲ਼ੇ ਕਰਦੇ ਧੰਦੇ ਵੇ।
ਪੂਜਣ ਅੰਨ੍ਹੇ ਹੋ ਕੇ ਲੋਕੀ,
ਜਿਨ੍ਹਾਂ ਹੱਥ ਪਾਪਾਂ ਵਿੱਚ ਰੰਗੇ ਵੇ।

ਦੁਨੀਆਂ ਭਰਦੇ ਕੁ-ਕਰਮ ਨੇ ਕਰਦੇ,
ਪਾ ਪਾ ਚੋਲੇ ਭਗਵੇਂ ਵੇ।
ਦੁਨੀਆਂ ਪਿੱਛੇ ਲੱਗੀ ਫਿਰਦੀ,
ਗੁਣ ਗਾਵਣ ਸਦਾ ਆਪਣੇ ਵੇ।

ਭੁੱਲ ਗਿਆ ਅੱਜ ਰੱਬ ਲੋਕਾਂ ਨੂੰ,
ਨਾਂ ਚੇਤੇ ਚੋਰਾਂ, ਠੱਗਾਂ ਵੇ।
ਧਰਮਾਂ ਦੇ ਪਿੱਛੇ ਲੜਦੇ ਫਿਰਦੇ,
ਵਿੱਚ ਉਲਝੇ ਟੋਪੀਆਂ, ਪੱਗਾਂ ਵੇ।

ਮੰਦਿਰ ਮਸਜਿਦ ਰੋਜ਼ ਚੀਕਦੇ,
ਅਸੀਂ ਸਾਰੇ ਰੱਬ ਦੇ ਬੰਦੇ ਵੇ।
ਹਿੰਦੂ-ਮੁਸਲਿਮ ਆਖ ਲੜਾਉਂਦੇ,
ਖਾਣ ਧਰਮਾਂ ਦੇ ਚੰਦੇ ਵੇ।

ਸੋਹਣੇ ਨੱਕ ਸਜਦੇ ਨੱਥ ਕੋਕੇ,
ਨੱਕ ਮਿੱਡੇ ਵੀ ਕਰਦੇ ਵਾਰ ਵੇ।
ਗਰਦਨ ਲੰਮੀ ਵਿੱਚ ਸੋਂਹਦੀ ਗਾਨੀ,
ਲੰਮੀ ਸੋਹਣੀ ਲੱਗੇ ਹਰ ਨਾਰ ਵੇ।

ਰੰਨ ਬਣੇ ਜੇ ਦੁਸ਼ਮਣ ਲੋਕੋ,
ਸਦਾ ਰਹੀਏ ਉਸ ਤੋਂ ਡਰ ਵੇ।
ਕਿਹੜੇ ਰੂਪ 'ਚ ਡੰਗੇ ਆ ਕੇ,
ਆ ਮਹਿਲੀਂ ਵੀ ਲਾ ਪਰ ਵੇ।

ਪਦਮਨੀ ਨਾਰ ਬਣ ਵੱਸੇ ਜਿੱਥੇ,
ਸਦਾ ਸੁੱਖਾਂ ਰਹੇ ਭੰਡਾਰ ਵੇ।
ਬਦਕਾਰ ਹੋਵੇ ਰੰਨ ਜਿਸ ਘਰ ਦੀ,
ਕਰੇ ਪਲ਼ਾਂ ਵਿੱਚ ਕੁਲ਼ ਸੰਘਾਰ ਵੇ।

ਰੁੱਤ ਇਸ਼ਕ ਦੀ ਇੱਕੋ ਜਿਹੀ ਰਹੇ ਨਾ,
ਕਦੇ ਪੱਤਝੜ ਕਦੇ ਬਹਾਰ ਵੇ।
ਕਦੇ ਰੋਈਦਾ ਵਿੱਚ ਬਿਰਹੋਂ ਦੇ,
ਕਦੇ ਕਰੀਏ ਸੋਲ੍ਹਾਂ ਸ਼ਿੰਗਾਰ ਵੇ।

ਕੀ ਆਸ਼ਿਕ ਦੀ ਹੋਵੇ ਜ਼ਿੰਦਗੀ ਯਾਰੋ,
ਵਾਂਗ ਦੀਵਿਆਂ ਮਚਦੇ ਬੁਝਦੇ ਵੇ।
ਰਹੇ ਜਿੰਦ ਸੂਲਾਂ ਦੀ ਨੋਕ ਉੱਤੇ,
ਨਾਲ਼ ਸਦਾ ਮੁਸੀਬਤਾਂ ਜੁਝਦੇ ਵੇ।

ਯਾਰ ਮਿਲੇ ਸੱਚਾ, ਕਹਿੰਦੇ ਰੱਬ ਮਿਲਦਾ,
ਯਾਰ ਝੂਠੇ ਦਗ਼ਾ ਕਮਾਂਵਦੇ ਵੇ।
ਸੱਚੇ ਸਿਰ ਦੇਵੇ ਨਾਲ਼ ਯਾਰੜੇ ਦੇ,
ਝੂਠੇ ਛੱਡ ਮੈਦਾਨ ਪਿੱਠ ਵਖਾਂਵਦੇ ਵੇ।

ਨਾਲ਼ ਯਾਰਾਂ ਦੇ ਹੁੰਦੇ ਜੱਗ ਮੇਲੇ,
ਯਾਰ ਮੋਇਆਂ ਤੋਂ ਸੁੰਨਾ ਜਹਾਨ ਵੇ।
ਬਿਨਾਂ ਯਾਰਾਂ ਤੋਂ ਰਹਿੰਦੀ ਜਾਨ ਅੱਧੀ,
ਜਿਵੇਂ ਤੀਰ ਚੱਲੇ ਨਾ ਬਿਨਾਂ ਕਮਾਨ ਵੇ।

ਜਿਹੜੇ ਰੱਬ ਦੇ ਰੰਗ ਵਿੱਚ ਰਹਿਣ ਰੰਗੇ,
ਓਹਨਾਂ ਲੈਣਾ ਕੀ ਇਸ ਸੰਸਾਰ ਵੇ।
ਹੋਵੇ ਨਾਲ਼ ਨਾ ਕਿਸੇ ਦੇ ਮੋਹ ਓਹਦਾ,
ਨਾਲ਼ ਆਪਣੇ ਵੀ ਰਹੇ ਨਾ ਪਿਆਰ ਵੇ।

ਵਿੱਚ ਅਸਮਾਨ ਉੱਡਣ ਨੂੰ ਜੀ ਕਰਦੈ,
ਉਡਾਂ ਧਰਤ ਤੋਂ ਕਿਧਰੇ ਦੂਰ ਵੇ।
ਤੱਕ ਥੱਕੇ ਬਨਾਵਟੀ ਚਿਹਰਿਆਂ ਨੂੰ,
ਮਿਲਣ ਭੋਲ਼ੀਆਂ ਸੂਰਤਾਂ ਦਾ ਜਿੱਥੇ ਪੂਰ ਵੇ।

ਜਿੱਥੇ ਪੁੱਛੇ ਨਾ ਕੋਈ ਧਰਮ ਮੇਰਾ,
ਨਾ ਪੁੱਛੇ ਮੇਰੀ ਕੋਈ ਜ਼ਾਤ ਵੇ।
ਮਿਲ ਜਿਹਨੂੰ ਸੀਨੇ ਠੰਢ ਪਵੇ,
ਹੋਵੇ ਮੁਹੱਬਤਾਂ ਦੀ ਮਿੱਠੀ ਬਰਸਾਤ ਵੇ।

ਵੱਗਣ ਹੰਝੂ ਨਾ ਜਿੱਥੇ ਅੱਖੀਆਂ 'ਚੋਂ,
ਖਿੜੇ ਬੁੱਲ੍ਹਾਂ 'ਤੇ ਸਦਾ ਬਹਾਰ ਵੇ।
ਦੀਵਾਨੇ ਪੂਜਦੇ ਹੋਣ ਹੁਸਨ ਜਿੱਥੇ,
ਰਹੇ ਰੂਹਾਂ 'ਚ ਖਿੜੀ ਗੁਲਜ਼ਾਰ ਵੇ।

ਗੀਤ ਬਿਰਹੋਂ ਦਾ ਨਾ ਕੋਈ ਗਾਵੇ,
ਕਿਸੇ ਯਾਰ ਤੋਂ ਵਿਛੜੇ ਨਾ ਯਾਰ ਵੇ।
ਰਾਤ ਵਸਲ ਆਵੇ ਨਿੱਤ ਨਵੀਂ ਬਣਕੇ,
ਹੋਵੇ ਬਾਹਾਂ ਵਿੱਚ ਮਲੂਕੜਾ ਪਿਆਰ ਵੇ।

ਹਰ ਰਾਤ ਹੋਵੇ ਰਾਤ ਪੁੰਨਿਆਂ ਦੀ,
ਰਾਤ ਮੱਸਿਆ ਦਾ ਨਾ ਕਦੇ ਦੀਦਾਰ ਵੇ।
ਚੰਨ ਚਮਕੇ ਮੱਥੇ ਤੇ ਸੋਹਣਿਆਂ ਦੇ,
ਗਲ਼ ਹੋਵੇ ਤਾਰਿਆਂ ਦਾ ਹਾਰ ਵੇ।

ਨਾ ਵਿਛੜੇ ਕਿਸੇ ਹੀਰ ਦਾ ਰਾਂਝਾ,
ਨਾ ਕਿਸੇ ਮਿਰਜ਼ੇ ਦਾ ਹੋਵੇ ਸੰਘਾਰ ਵੇ।
ਵੈਣ ਪਾਵੇ ਨਾ ਕੋਈ ਸਾਹਿਬਾਂ ਫੇਰ,
ਜਿਓਂਦਾ ਮਿਲੇ ਬਾਹੀਂ ਦਿਲਦਾਰ ਵੇ।

ਇਸ਼ਕ ਕਰਨਾ ਨਹੀਂ ਕੋਈ ਸ਼ੈ ਬੁਰੀ,
ਰੱਖੋ ਮਨ ਜੇ ਆਪਣਾ ਸਾਫ਼ ਵੇ।
ਇਸ਼ਕ ਹੁੰਦੀ ਇਬਾਦਤ ਸੱਚੇ ਰੱਬ ਦੀ,
ਧੁਰ ਦਰਗਾਹੋਂ ਮਿਲੇ ਇਨਸਾਫ਼ ਵੇ।



ਪੈਂਡੇ ਮੁੱਕੇ ਰਾਹੀ ਟੁਰ ਗਏ,
ਸੁਣੀਆਂ ਨਾ ਫ਼ਰਿਆਦਾਂ ਵੇ।
ਅੱਖੀਆਂ ਦੇ ਵਿੱਚ ਹੰਝੂ ਦੇ ਗਏ,
ਸੀਨੇ ਦੇ ਵਿੱਚ ਯਾਦਾਂ ਵੇ।

ਮੈਂ ਵੀ ਲੋਕੋ ਪਰਦੇਸੀ ਹਾਂ,
ਨਹੀਂ ਮੇਰਾ ਕੋਈ ਟਿਕਾਣਾ ਵੇ।
ਉੱਡ ਜਾਣੀਆਂ ਕੱਚੀਆਂ ਕੁੱਲੀਆਂ,
ਮਹਿਲਾਂ ਵੀ ਢਹਿ ਜਾਣਾ ਵੇ।

ਤੱਕਦੇ ਰੋਜ਼ ਮੌਤ ਲੋਕਾਂ ਦੀ,
ਨਾ ਚੇਤਾ ਆਪਣੀ ਦਾ ਆਵੇ ਵੇ।
ਮੇਰੀ, ਮੇਰੀ ਕਰਦੇ ਦਾ,
ਖ਼ਬਰੇ ਭੌਰ ਕਦੋਂ ਉੱਡ ਜਾਵੇ ਵੇ।

ਗੱਲਾਂ ਹੀ ਬਸ ਰਹਿ ਜਾਂਦੀਆਂ ਨੇ,
ਜਦੋਂ ਟੁਰ ਜਾਂਦੇ ਨੇ ਆਪਣੇ ਵੇ।
ਹਮਸਾਏ ਜੋ ਕਦੇ ਹੁੰਦੇ ਸੀ,
ਰਹਿ ਜਾਂਦੇ ਬਣ ਕੇ ਸੁਪਨੇ ਵੇ।

ਗੀਤ

ਲੈ ਜਾ ਵੇ ਲਲਾਰੀਆ, ਦੁਪੱਟਾ ਮੇਰਾ ਰੰਗ ਵੇ।
ਪਿਆਰ ਤੇ ਮੁਹੱਬਤਾਂ ਦੇ, ਦੇਵੀਂ ਇਹਨੂੰ ਰੰਗ ਵੇ।
ਚਾੜ੍ਹੀਂ ਐਸਾ ਰੰਗ, ਤੱਕ ਚੜ੍ਹ ਜੇ ਸਰੂਰ ਵੇ।
ਉੱਤੇ ਲੈ ਕੇ ਮੈਂ ਵੀ ਲੱਗਾਂ, ਬਸਰੇ ਦੀ ਹੂਰ ਵੇ।
ਮਾਹੀ ਨਾਲ਼ ਹੋ ਜੇ ਭਾਵੇਂ ਪਿਆਰ ਵਾਲ਼ੀ ਜੰਗ ਵੇ।
ਲੈ ਜਾ ਵੇ ਲਲਾਰੀਆ... ...

ਕਹਿੰਦੇ ਰੰਗ ਹਰਾ ਹੋਵੇ, ਮੁਹੱਬਤ ਪਿਆਰ ਵੇ।
ਯਾਦਾਂ ਵਾਲੀ ਅੱਗ ਨੂੰ ਵੀ, ਸੀਨੇ ਪਾਵੇ ਠਾਰ ਵੇ।
ਮੈਂ ਵੀ ਅੱਜ ਪਾ ਲੈਣੀ, ਹਰੇ ਰੰਗੀ ਵੰਗ ਵੇ।
ਲੈ ਜਾ ਲਲਾਰੀਆ... ...

ਉਡਾਂ ਮੈਂ ਦੁਪੱਟਾ ਲੈ ਕੇ, ਸੱਜਣਾਂ ਦੇ ਨਾਲ਼ ਵੇ।
ਸੀਨੇ ਉਹਦੇ ਲੱਗ ਬਣਾਂ, ਜ਼ਿੰਦਗੀ ਦੀ ਢਾਲ਼ ਵੇ।
ਚਾਵਾਂ ਵਾਲ਼ੇ ਲੱਗੇ ਮੇਰੇ, ਅੱਜ ਨਵੇਂ ਖ਼ੰਭ ਵੇ।
ਲੈ ਜਾ ਵੇ ਲਲਾਰੀਆ... ...

ਹੁੰਦੀ ਸੀ ਮੈਂ ਛੋਟੀ ਜਦੋਂ, ਦੱਸਦੀ ਸੀ ਮਾਂ ਵੇ।
ਦੁੱਪਟਿਆਂ ਦੇ ਨਾਲ਼ ਹੋਵੇ ਬੀਬਾ, ਇਜ਼ਤਾਂ ਦੀ ਛਾਂ ਵੇ।
ਨਾ ਜਾਵਾਂ ਨੰਗੇ ਸਿਰ ਕਿਤੇ, ਆਉਂਦੀ ਮੈਨੂੰ ਸੰਗ ਵੇ।
ਲੈ ਜਾ ਵੇ ਲਲਾਰੀਆ... ...



ਗੀਤ

ਮੁੱਦਤਾਂ ਹੀ ਹੋ ਗਈਆਂ, ਨਾ ਸੁਣੇ ਤੇਰੇ ਬੋਲ਼ ਵੇ।
ਕਿਵੇਂ ਮੈਂ ਸੁਣਾਵਾਂ ਚੰਨਾਂ, ਦੁਖੜੇ ਇਹ ਫੋਲ਼ ਵੇ।

ਕੱਖਾਂ ਵਾਂਗ ਰੁਲ਼ੇ ਸਾਡੇ, ਜਗ੍ਹਾ ਜਗ੍ਹਾ ਚਾਅ ਵੇ,
ਪਰ ਨਾ ਹੋਈ ਰੱਬਾ, ਸਿੱਧੀ ਤੇਰੀ ਏਹ ਨਿਗਾਹ ਵੇ।
ਰੱਖੇ ਤੇਰੇ ਦੁੱਖ ਮੈਂ, ਸੁਗਾਤਾਂ ਵਾਂਗੂ ਕੋਲ਼ ਵੇ... ...

ਆਉਂਦੀ ਸੀ ਬਹਾਰ ਪਹਿਲਾਂ ਬਣ ਠੰਡੀ ਵਾਅ ਵੇ,
ਖੰਭ ਲਾ ਕੇ ਉਡਦੇ ਸੀ, ਕਵਾਰੇ ਮੇਰੇ ਚਾਅ ਵੇ।
ਹੁਣ ਵੀ ਐ ਆਉਂਦੀ, ਪਰ ਕਰੇ ਨਾ ਕਲੋਲ ਵੇ... ...

ਹੰਝੂ ਜਿਹੜੇ ਵਗਦੇ ਸੀ, ਤੇਰੇ ਗਲ਼ ਲੱਗ ਵੇ।
ਨੈਣ ਸੀ ਸ਼ਰਾਬੀ ਜਿਹੜੇ, ਦੁਨੀਆਂ ਨੂੰ ਠੱਗਦੇ।
ਸੁੱਕ ਗਏ ਨੇ ਹੰਝੂ, ਹੋਏ ਨੈਣ ਵੀ ਅਡੋਲ ਵੇ... ...

ਆ ਜਾ ਪ੍ਰਦੇਸੀਆ, ਛੇਤੀ ਫੇਰਾ ਪਾ ਵੇ,
ਲਾਈ ਬੈਠੀ ਰਾਹਾਂ ਵਿੱਚ, ਮੁੱਦਤੋਂ ਨਿਗਾਹ ਵੇ।
ਹੌਲ਼ੀ ਹੌਲ਼ੀ ਮੁੱਕੀ ਜਾਂਦੇ, ਜਿੰਦੜੀ ਦੇ ਸਾਹ ਵੇ,
ਮਰੇ 'ਸੁਲਤਾਨ' ਸੁਣ, ਮਿੱਠੇ ਤੇਰੇ ਬੋਲ ਵੇ... ...

ਮੁੱਦਤਾਂ ਹੀ ਹੋ ਗਈਆਂ... ...

ਗੀਤ

ਭੈੜਿਆ ਦਿਲਾ ਵੇ ਕਾਹਨੂੰ ਲਾ ਲਈਆਂ ਅੱਖੀਆਂ।
ਮਾਰਦੀਆਂ ਤਾਹਨੇ ਮੈਨੂੰ, ਹਾਣ ਦੀਆਂ ਸੱਖੀਆਂ।

ਨਹੀਂ ਹਾਲੇ ਮੁੱਕੇ ਸੀ ਜਵਾਨੀ ਵਾਲ਼ੇ ਚਾਅ ਵੇ।
ਪਾ ਦਿੱਤਾ ਸਾਨੂੰ ਕਿਹੜੇ, ਪੁੱਠੜੇ ਤੂੰ ਰਾਹ ਵੇ।
ਹਰ ਕੋਈ ਤੱਕੇ ਸਾਨੂੰ, ਤਿੱਖੜੀ ਨਿਗਾਹ ਵੇ।
ਜਿਵੇਂ ਕਰ ਲਿਆ ਅਸੀਂ, ਕੋਈ, ਵੱਡੜਾ ਗੁਨਾਹ ਵੇ।
ਘਰ ਘਰ ਗੱਲਾਂ, ਸਾਡੇ ਇਸ਼ਕ ਦੀਆਂ ਭੱਖੀਆਂ... ...
ਭੈੜਿਆ ਦਿਲਾ ਵੇ ਕਾਹਨੂੰ... ...

ਲੱਗਿਆ ਇਹ ਰੋਗ ਕਿਹਾ, ਜਾਗਦੀ ਨਾ ਸੋਨੀ ਆਂ।
ਕੱਲਿਆਂ ਈ ਬਹਿ, ਸਾਰੀ ਸਾਰੀ ਰਾਤ ਰੋਨੀ ਆਂ।
ਰੱਖ ਪੱਟਾਂ ਉੱਤੇ ਸਿਰ ਉਹਦਾ ਪੱਖੀਆਂ ਮੈਂ ਝੱਲੀਆ।
ਸੁਪਨੇ 'ਚ ਆ ਕੇ ਦੇਵੇ, ਝੂਠੀਆਂ ਤਸੱਲੀਆਂ।
ਨਾ ਬੋਲਦੀਆਂ ਸੂਰਤਾਂ, ਜੋ ਸਾਂਭ ਸੀਨੇ ਰੱਖੀਆਂ।

ਭੈੜਿਆ ਦਿਲਾ ਵੇ ਕਾਹਨੂੰ ਲਾ ਲਈਆਂ ਅੱਖੀਆਂ।
ਮਾਰਦੀਆਂ ਤਾਹਨੇ ਮੈਨੂੰ ਹਾਣ ਦੀਆਂ ਸੱਖੀਆਂ।

ਗੀਤ

ਬਾਹਵਾਂ ਗੋਰੀਆਂ ਤੇ ਛਣਕਣ ਚੂੜੀਆਂ।
ਵਿੱਚ ਇਸ਼ਕੇ ਦੇ ਹੋਣ ਗੱਲਾਂ ਗੂੜ੍ਹੀਆਂ।
ਵਕਤ ਮਿਲੇ ਤਾਂ ਮਿਲਣੇ ਆ ਢੋਲਾ।
ਕਦੇ ਦਿਲ ਦਾ ਹਾਲ ਸੁਣਾ ਢੋਲਾ।

ਤੇਰੇ ਖ਼ਿਆਲਾਂ 'ਚ ਡੁੱਬੀ ਰਹਿਨੀ ਆਂ।
ਕੋਈ ਪੁੱਛੇ ਤਾਂ ਕੁਝ ਨਾ ਕਹਿੰਨੀ ਆਂ।
ਇਹ ਦਿਲ ਨਹੀਂ ਦਿੰਦਾ ਡਾਹ ਢੋਲਾ।
ਕਦੇ ਦਿਲ ਦਾ ਹਾਲ ਸੁਣਾ ਢੋਲਾ।

ਜਾਵੇਂ ਜਿਨ੍ਹੀ ਜਿਨ੍ਹੀ ਵੀ ਰਾਹਵਾਂ ਵੇ।
ਚੁੱਕ ਮਿੱਟੀ ਮੱਥੇ ਨਾਲ਼ ਲਾਵਾਂ ਵੇ।
ਰਹੇ ਤੇਰੇ ਆਉਣ ਦਾ ਚਾਅ ਢੋਲਾ।
ਕਦੇ ਦਿਲ ਦਾ ਹਾਲ ਸੁਣਾ ਢੋਲਾ।

ਖੁੱਲ੍ਹੇ ਰੱਖੀਆਂ ਬੂਹੇ ਤੇ ਬਾਰੀਆਂ।
ਜਦੋਂ ਤੱਕ ਨਾ ਹੋਣ ਦੀਦਾਰੀਆਂ
ਨਹੀਂ ਸੌਖੇ ਆਉਂਦੇ ਸਾਹ ਢੋਲਾ।
ਕਦੇ ਦਿਲ ਦਾ ਹਾਲ ਸੁਣਾ ਢੋਲਾ।

ਵੇਖੀਂ ਕਦੇ ਨਾ ਕਰੀਂ ਗ਼ਦਾਰੀਆਂ।
ਨਹੀਂ ਜਾਣੀਆਂ ਇਹ ਉਮਰਾਂ ਗੁਜ਼ਾਰੀਆਂ।
ਅੱਲ੍ਹਾ ਕਰੇ ਨਾ ਲੱਗੇ, ਹਾਅ ਢੋਲਾ।
ਕਦੇ ਦਿਲ ਦਾ ਹਾਲ ਸੁਣਾ ਢੋਲਾ।

ਜੋ ਗੱਲ਼ ਵਿੱਚ ਸਾਡੇ, ਤੇਰੀ ਗਾਨੀ ਏ।
ਤੇਰੀ ਪਿਆਰ ਦੀ ਮਿੱਠੜੀ ਨਿਸ਼ਾਨੀ ਏ।
ਇਹਦਾ ਨਹੀਂ ਕਰਦੀ ਕਦੇ ਵਸਾਹ ਢੋਲਾ।
ਕਦੇ ਦਿਲ ਦਾ ਹਾਲ ਸੁਣਾ ਢੋਲਾ।

ਗੀਤ

ਜਾਂਦਿਆ ਜਾਂਦਿਆ ਰਾਹੀਆ ਸੁਣ ਜਾ,
ਦਿਲ ਦੇ ਹਾਲ਼ ਬੀਮਾਰਾਂ ਦੇ।
ਪਤਝੜ ਨੇ ਜੋ ਖਾ ਲਈਆਂ,
ਉੱਜੜੀਆਂ ਉਹ ਗੁਲਜ਼ਾਰਾਂ ਦੇ।... ...

ਦਿਲ ਦੇ ਦਰਦ ਬਿਆਂ ਨਹੀਂ ਹੁੰਦੇ,
ਕੁਝ ਥੋੜ੍ਹੇ ਅਲਫ਼ਾਜ਼ਾਂ 'ਚ।
ਬੜਾ ਕੁਝ ਹੈ ਲੁਕਿਆ ਰਹਿੰਦਾ,
ਟੁੱਟੇ ਦਿਲ ਦਿਆਂ ਰਾਜ਼ਾਂ 'ਚ।
ਟੁਰ ਜਾਦੇਂ ਚੁੱਪ ਚਾਪ ਜਹਾਨੋਂ,
ਤੇ ਬੁਝ ਜਾਂਦੇ ਵਾਂਗ ਚਿਰਾਗ਼ਾਂ ਦੇ।
ਜਾਂ ਮੌਲ਼ੇ ਬਣ ਕੇ ਗਾਉਂਦੇਂ ਫਿਰਦੇ,
ਬਿਰਹੋਂ-ਗੀਤ ਵੈਰਾਗਾਂ ਦੇ।
ਪੀੜਾਂ ਹੰਝੂ ਬਣ ਬਣ ਵਹਿੰਦੀਆਂ,
ਅੱਖੀਆਂ 'ਚੋਂ ਦਿਲਦਾਰਾਂ ਦੇ।
ਜਾਂਦਿਆ ਜਾਂਦਿਆ... ...

ਪਤਾ ਨਹੀਂ ਮਜਬੂਰੀ ਕੀ ਸੀ,
ਕਿਉਂ ਛੱਡ ਕੇ ਅੱਧ ਵਿਚਕਾਰ ਗਈ।
ਪੱਕੀਆਂ ਸੌਹਾਂ ਖਾਵਣ ਵਾਲ਼ੀ,
ਖ਼ਬਰੇ ਕਿਹੜੀ ਗੱਲੋਂ ਹਾਰ ਗਈ।

ਜੇ ਦੱਸ ਦਿੰਦੀ ਇੱਕ ਵਾਰ ਵੀ ਯਾਰੋ,
ਜੋ ਗੱਲ ਸੀ ਉਸ ਨੂੰ ਮਾਰ ਰਹੀ।
ਸੰਹੁ ਰੱਬ ਦੀ ਮੰਗ ਲੈਂਦਾ ਉਹ ਵੀ,
ਹਰ ਸ਼ੈਅ ਆਪਣੇ ਪਿਆਰ ਲਈ।
ਤੁਰ ਗਈ ਕਲੱਮ ਕੱਲੀ ਜੱਗ ਤੋਂ,
ਨਾ ਜਾਣ ਸਕੇ ਗ਼ਮ ਯਾਰਾਂ ਦੇ।
ਜਾਂਦਿਆ ਜਾਂਦਿਆ... ...

ਜੇ ਜ਼ੋਰ ਨਹੀਂ ਹੈ ਵਿੱਚ ਤੁਹਾਡੇ,
ਪਿਆਰ ਨੂੰ ਤੋੜ ਚੜ੍ਹਾਵਣ ਦਾ।
ਫੇਰ ਤੁਹਾਡਾ ਹੱਕ ਨਹੀਂ ਬਣਦਾ,
ਦਾਗ਼ ਇਸ਼ਕ ਨੂੰ ਲਗਾਉਣ ਦਾ।
ਰੁੜ੍ਹ ਗਏ ਵਿੱਚ ਝਨਾਂ ਦੇ ਜਾ ਕੇ,
ਕਈ ਵਿੱਚ ਥਲਾਂ ਦੇ ਸੜ ਗਏ ਨੇ।
ਨਾ ਬੇਵਫ਼ਾ ਅਖਵਾਇਆ ਉਹਨਾਂ,
ਸੂਲ਼ੀਆਂ ਤੇ ਵੀ ਚੜ੍ਹ ਗਏ ਨੇ।
ਦਿਲ ਵਾਲ਼ੇ ਖੇਡਣ ਖੇਡ ਇਸ਼ਕ ਦੇ,
ਇਹ ਖੇਡ ਹੈ ਦਮਦਾਰਾਂ ਦੇ।
ਜਾਂਦਿਆ ਜਾਂਦਿਆ.... ...

ਗੀਤ

ਮੇਰਿਆ ਮਾਹੀਆ ਢੋਲ ਸਿਪਾਹੀਆ ਵੇ,
ਗੱਲ ਸੁਣੀਂ ਦਿਲ ਫੜ ਕੇ।
ਤੇਰੇ ਨਾਲ਼ ਸਾਨੂੰ ਇਸ਼ਕ ਹੋ ਗਿਆ,
ਕੂਕਾਂ ਕੋਠੇ ਚੜ੍ਹ ਕੇ।
ਮੇਰਿਆ ਮਾਹੀਆ... ...

ਬਿਨ ਤੇਰੇ ਸਾਡਾ ਜੀਅ ਨਹੀਂ ਲਗਦਾ,
ਕਿਉਂ ਜਾਵੇਂ ਮੂੰਹ ਮੋੜੀ ਵੇ।
ਬਾਗ਼ ਬਹਾਰਾਂ ਰਹਿਣ ਸਦਾ ਨਾ,
ਉਮਰ ਹੁੰਦੀ ਐ ਥੋੜ੍ਹੀ ਵੇ।
ਜ਼ਿੰਦਗੀ ਚਾਰ ਦਿਨਾਂ ਦੀ ਮਿੱਤਰਾ,
ਕੀ ਲੈਣਾ ਫੇਰ ਲੜ ਕੇ।
ਮੇਰਿਆ ਮਾਹੀਆ... ...

ਕੱਚੀਆਂ ਤੰਦਾਂ ਟੁੱਟ ਜਾਵਣ,
ਤਾਂ ਇਹ ਪੱਕੀਆਂ ਬਣਦੀਆਂ ਨਾ।
ਜਿਸ ਚਾਦਰ ਵਿੱਚ ਹੋਣ ਮੋਰੀਆਂ,
ਫੇਰ ਉਹ ਸਿਰ ਤੇ ਤਣਦੀਆਂ ਨਾ।
ਪੈਰ ਨਹੀਂ ਪਾਉਣਾ ਜਿਸ ਮੁਹੱਲੇ,
ਕੀ ਲੈਣਾ ਉੱਥੇ ਵੜ ਕੇ ।
ਮੇਰਿਆ ਮਾਹੀਆ... ...

ਹੁਸਨ, ਜਵਾਨੀ ਤੇ ਜ਼ਿੰਦਗਾਨੀ,
ਫੇਰ ਕਦੇ ਇਹ ਮੁੜਦੇ ਨਾ।
ਟੁੱਟ ਜਾਵਣ ਜੇ ਫੁੱਲ ਟਾਹਣੀਓਂ,
ਫੇਰ ਕਦੇ ਓਹ ਜੁੜਦੇ ਨਾ।
ਦੁਨੀਆਂ ਆਉਣੀ ਜਾਣੀ ਮਿੱਤਰਾ,
ਕੀ ਲੈਣਾ ਫੇਰ ਅੜ ਕੇ।
ਮੇਰਿਆ ਮਾਹੀਆ... ...

ਛੱਡ ਜਾਂਦੇ ਜੋ ਬਾਂਹ ਨੂੰ ਫੜਕੇ,
ਉਹ ਯਾਰ ਕਦੇ ਵੀ ਹੁੰਦੇ ਨਾ।
ਛੱਲਿਆਂ ਪਿੱਛੇ ਟੁੱਟ ਜਾਂਦੇ ਜੋ,
ਉਹ ਪਿਆਰ ਕਦੇ ਵੀ ਹੁੰਦੇ ਨਾ।
ਕੀ ਲੈਣਾ ਉਸ ਯਾਰ ਤੋਂ ਮਿੱਤਰਾ,
ਜਿਹਦੇ ਨਾਂ ਤੇ ਦਿਲ ਨਾ ਧੜਕੇ।
ਮੇਰਿਆ ਮਾਹੀਆ... ...



ਗੀਤ

ਘੋੜਾ, ਕੈਂਠਾ, ਚਾਦਰਾ ਸ਼ਿੰਗਾਰ ਜੱਟ ਦੇ।
ਰਹਿੰਦੀ ਸਦਾ ਘਰ 'ਚ ਬਹਾਰ ਜੱਟ ਦੇ।

ਤਾਰੇ, ਚੰਨ, ਮੋਰਨੀ ਪਵਾਉਣ ਪੱਟ ਤੇ।
ਮਾਘੀ ਤੇ ਵਿਸਾਖੀ ਨੇ ਤਿਉਹਾਰ ਜੱਟ ਦੇ।

ਬੰਦੂਕਾਂ, ਪਿਸਤੌਲਾਂ ਹਥਿਆਰ ਜੱਟ ਦੇ।
ਨਾ ਹੁੰਦੇ ਕਦੇ ਪਿੱਠ ਪਿੱਛੋਂ ਵਾਰ ਜੱਟ ਦੇ।

ਕਿਹੜਾ ਨਹੀਂ ਜਾਣਦਾ ਜੀ ਜ਼ੋਰ ਜੱਟ ਦਾ।
ਮਸ਼ਹੂਰ ਸਾਰੇ ਜੱਗ 'ਚ ਹੈ ਜੀ ਖ਼ੋਰ ਜੱਟ ਦਾ।

ਝੂਠੀ ਕੌੜੀ ਗੱਲ ਕਦੇ ਜੱਟ ਨਾ ਸਹਾਰਦਾ।
ਚੜ੍ਹੇ ਜਦੋਂ ਗੁੱਸਾ ਜੱਟ, ਪੱਟ ਥਾਪੀ ਮਾਰਦਾ।

ਮੌਤ ਨਾਲ਼ ਅੱਖ ਵੀ ਮਿਲਾਉਂਦੇ ਜੱਟ ਨੇ।
ਤੱਕ ਮੌਤ ਸਾਹਮਣੇ ਵੀ ਗਾਉਂਦੇ ਜੱਟ ਨੇ।

ਮੂਹਰੇ ਹੋਕੇ ਮਾਰੇ ਲਲਕਾਰਾ ਜੱਟ ਜੀ।
ਪਿੱਠ ਪਿੱਛੇ ਖਾਂਦੇ ਨਾ ਕਦੇ ਵੀ ਫੱਟ ਜੀ।

ਪਹਿਲਾਂ ਮਾਰੇ ਲਲਕਾਰਾ ਫੇਰ ਵਾਰ ਜੱਟ ਦਾ।
ਨਿਹੱਥੇ ਉੱਤੇ ਵਾਰ ਨਾ ਵਿਹਾਰ ਜੱਟ ਦਾ।

ਜੇਰਾ ਜੱਟ ਜਿੱਡਾ ਨਾ ਕਿਸੇ ਵੀ ਹੋਰ ਦਾ।
ਘਰ ਆਵੇ ਕੋਈ ਵੀ ਭੁੱਖਾ ਨੀ ਤੋਰਦਾ।

ਲੋਕਾਂ ਲਈ ਅੰਨ ਦਾ ਭੰਡਾਰ ਜੱਟ ਨੇ।
ਗ਼ਰੀਬ, ਮਜ਼ਲੂਮਾਂ ਦੇ ਵੀ ਯਾਰ ਜੱਟ ਨੇ।

ਜੱਟ ਭਾਵੇਂ ਵਿੱਚ ਹੈ ਪੰਜਾਬ ਜੰਮਿਆ।
ਹੈ ਮੋਢੇ ਤੇ ਸਾਰਾ ਸੰਸਾਰ ਥੰਮਿਆ।

ਖੂੰਜਾ ਹਰ ਮੱਲਿਆ ਸੰਸਾਰ ਜੱਟ ਨੇ।
ਚਾਰੇ ਪਾਸੇ ਬਦਲੀ ਨੁਹਾਰ ਜੱਟ ਨੇ।



ਗੀਤ

ਜਦੋਂ ਪੈਣ ਸ਼ਾਮਾਂ, ਤੇਰਾ ਤੱਕਣੀ ਆਂ ਰਾਹ ਵੇ।
ਆ ਜਾ ਦਿਲ ਜਾਨੀਆਂ, ਤੂੰ ਕਿੱਥੇ ਬੈਠਾ ਜਾਹ ਵੇ।

ਮੁੱਖ ਕੁਮਲਾਇਆ ਰਹਿੰਦਾ, ਅੱਖੀਆਂ ਉਦਾਸ ਵੇ।
ਛੱਡ ਬੈਠੀ ਹੁਣ ਤੇਰੇ ਆਉਣ ਵਾਲ਼ੀ ਆਸ ਵੇ।
ਹੁਣ ਨਹੀਂਓ ਹੁੰਦਾ ਸਾਥੋਂ, ਆਪਾ ਵੀ ਪਛਾਣ ਵੇ।
ਤੇਰਿਆਂ ਹੀ ਸਾਹਾਂ ਨਾਲ਼, ਹੈ ਸੀ ਮੇਰੀ ਜਾਨ ਵੇ।
ਯਾਰਾ ਮੈਨੂੰ ਮਾਫ਼ ਕਰੀਂ, ਕੋਈ ਹੋਇਆ ਜੇ ਗੁਨਾਹ ਵੇ।
ਆ ਜਾ ਦਿਲ ਜਾਨੀਆਂ... ...

ਬੜਾ ਸਮਝਾਇਆ ਮੈਨੂੰ ਸਖੀਆਂ ਸਹੇਲੀਆਂ।
ਪਿਆਰ ਵਿੱਚ ਹੁੰਦੀਆਂ ਨੇ ਲੱਖਾਂ ਹੀ ਪਹੇਲੀਆਂ।
ਇਸ਼ਕ ਵਾਲ਼ੀ ਖੇਡ ਬੀਬਾ ਹੁੰਦੀ ਨਹੀਂ ਚੰਗੜੀ।
ਹੰਝੂਆਂ ਤੇ ਆਹਾਂ ਵਿੱਚ ਘਿਰੀ ਰਹੇ ਜਿੰਦੜੀ।
ਆਉਣੇ ਨਹੀਂ ਸੀ ਇਹ ਦਿਨ, ਜੇ ਮੰਨਦੀ ਸਲਾਹ ਵੇ।
ਆ ਜਾ ਦਿਲ ਜਾਨੀਆਂ... ...

ਸੋਹਣੀ, ਸ਼ੀਰੀਂ, ਸੱਸੀ ਵਾਂਗੂ ਦਿਲ ਅਸਾਂ ਲਾ ਲਿਆ।
ਸੋਚਿਆ ਸੀ ਪਿਆਰ ਵਾਲ਼ਾ ਭੇਦ, ਅਸਾਂ ਪਾ ਲਿਆ।
ਚੇਤੇ ਨਹੀਂ ਰਿਹਾ ਸਾਨੂੰ, ਸੱਸੀ ਵਾਲ਼ਾ ਮਰਨਾ।
ਦੇਖ ਕੱਚਾ ਘੜਾ ਵੀ ਨਾ, ਮੌਤ ਕੋਲ਼ੋਂ ਡਰਨਾ।
ਦਿੱਤੀ ਜਾਨ ਇਸ਼ਕ ਵਿੱਚ, ਲਿਆ ਮੌਤ ਨੂੰ ਵਿਆਹ ਵੇ।
ਆ ਜਾ ਦਿਲ ਜਾਨੀਆਂ... ...

ਗੀਤ

ਜਿੰਦੜੀ ਹੈ ਮੇਰੀ ਕੁਝ ਪਲਾਂ ਦੀ ਮਹਿਮਾਨ ਵੇ।
ਆਜਾ ਮੇਰੇ ਢੋਲਣਾ, ਆਈ ਹੱਥੀਂ ਮੇਰੇ ਜਾਨ ਵੇ।

ਬਦਲੇ ਨੇ ਫੇਰ ਹੁਣ ਜ਼ਿੰਦਗੀ ਦੇ ਰੰਗ ਵੇ।
ਸਹਾਰੇ ਨਹੀਂ ਜਾਂਦੇ ਮੈਥੋਂ ਤਾਹਨਿਆਂ ਦੇ ਡੰਗ ਵੇ।
ਪਤਾ ਨਹੀਂ ਕਦੋਂ ਢਹਿਣਾ, ਵਿਛੋੜਿਆਂ ਦੀ ਕੰਧ ਵੇ।
ਦਿੱਤਾ ਕਬਰਾਂ 'ਚ ਸੁੱਟ ਸਾਨੂੰ, ਇਸ਼ਕੇ ਦੀ ਜੰਗ ਵੇ।

ਕੱਖਾਂ ਵਾਂਗੂ ਉੱਡ ਗਿਆ, ਰੂਪ ਦਾ ਗੁਮਾਨ ਵੇ।
ਆ ਜਾ ਮੇਰੇ ਢੋਲਣਾ... ...

ਮੁੱਕ ਗਏ ਨੇ ਪੰਨੇ ਮੇਰੀ, ਯਾਦਾਂ ਦੀ ਕਿਤਾਬ ਦੇ।
ਕਿੱਥੇ ਲਿਖਾਂ ਹੋਰ ਮੇਰੇ, ਲੇਖਾਂ ਦਾ ਹਿਸਾਬ ਵੇ।
ਮਰ ਜਾਣਾ ਅਸਾਂ ਵਿੱਚ ਤੇਰਿਆਂ ਹਿਜਾਬ ਵੇ।
ਰੁੜ੍ਹ ਗਏ ਨੇ ਚਾਅ ਵਿੱਚ, ਹੰਝੂਆਂ ਵਹਾਬ ਵੇ।

ਦੱਸ ਕਿਹੜੀ ਗੱਲੋਂ ਤੇਰਾ ਡੋਲਿਆ ਈਮਾਨ ਵੇ।
ਆ ਜਾ ਮੇਰੇ ਢੋਲਣਾ... ...

ਤੇਰੇ ਵਿੱਚ ਨਜ਼ਰ ਆਵੇ, ਅੱਲ੍ਹਾ ਵਾਲ਼ੀ ਰੂਹ ਵੇ।
ਜ਼ੱਰੇ ਜ਼ੱਰੇ ਵਿੱਚੋਂ ਆਵੇ, ਤੇਰੀ ਖ਼ੁਸ਼ਬੂ ਵੇ।
ਆਵੇ ਰੱਬ ਚੇਤੇ ਪਿੱਛੋਂ, ਪਹਿਲਾਂ ਆਵੇਂ ਤੂੰ ਵੇ।
ਤੂੰ ਹੀ ਮੱਕਾ ਮੇਰਾ, ਕਾਬਾ ਵੀ ਏਂ ਤੂੰ ਵੇ।

ਮੇਰੇ ਲਈ ਬੋਲ ਤੇਰੇ ਪਹਿਲੜੀ ਅਜ਼ਾਨ ਵੇ।
ਆ ਜਾ ਮੇਰੇ ਢੋਲਣਾ... ...

ਮੀਰਾ ਵਾਂਗੂ ਮਾਰਦਾ ਏ ਤਾਨ੍ਹੜੇ ਜਹਾਨ ਵੇ।
ਹਰ ਵੇਲ਼ੇ ਯਾਦ ਕਰਾਂ, ਤਮੂਰਿਆਂ ਦੀ ਤਾਨ ਵੇ।
ਤੂੰ ਹੀ ਏ ਜਿੰਦ ਮੇਰੀ ਤੂੰ ਹੀ ਏ ਈਮਾਨ ਵੇ।
ਰੂਹ 'ਚ ਸਮਾਇਆ ਮੇਰੇ ਬਣਕੇ ਕੁਰਾਨ ਵੇ।

ਮੇਰਾ ਨਹੀਂ ਸੋਹਣਿਆ, ਇਹ ਤੇਰਾ ਇਮਤਿਹਾਨ ਵੇ।
ਆ ਜਾ ਮੇਰੇ ਢੋਲਣਾ, ਆਈ ਹੱਥਾਂ ਵਿੱਚ ਜਾਨ ਵੇ।

ਗੀਤ

ਕੀਤਾ ਤੂੰ ਅਜ਼ਾਦ ਚੰਨਾ, ਜਾਣਾ ਜਿੱਥੇ ਜਾਹ ਵੇ।
ਗ਼ਮਾਂ ਨਾਲ ਕਰ ਲਿਆ, ਅਸੀਂ ਹੈ ਨਿਕਾਹ ਵੇ।

ਪਿਆਰ ਵਿੱਚ ਅਸਾਂ ਜੋ ਸੀ ਲਾਈਆਂ ਪਨੀਰੀਆਂ,
ਪੱਟੀਆਂ ਨੇ ਆ ਕੇ ਤੇਰੇ, ਸਾਕ ਤੇ ਸਕੀਰੀਆਂ,
ਇਸ਼ਕ 'ਚ ਐਵੇਂ ਕਦੋਂ ਮਿਲਣ ਵਜ਼ੀਰੀਆਂ,
ਪਹਿਲਾਂ ਛੱਡਦੇ ਨੇ ਤਾਜ, ਫਿਰ ਮਿਲਣ ਫ਼ਕੀਰੀਆਂ
ਮੁਹੱਬਤਾਂ 'ਚ ਹੋਏ ਕਦੇ ਸੌਖੜੇ ਨਾ ਰਾਹ ਵੇ।

ਕੀਤਾ ਤੂੰ ਅਜ਼ਾਦ ਚੰਨਾ... ...

ਪਿਆਰ 'ਚ ਤੇਰੇ ਸੀ ਮੈਂ ਦੋਵੇਂ ਬਾਹਵਾਂ ਖੋਲ੍ਹੀਆਂ।
ਖ਼ਾਬਾਂ ਵਿੱਚ ਚੜ੍ਹੀ ਸਾਂ ਮੈਂ, ਹਰ ਰੋਜ਼ ਡੋਲੀਆਂ।
ਪਰ ਮੈਨੂੰ ਗ਼ਮ ਮਿਲੇ, ਭਰ ਭਰ ਝੋਲ਼ੀਆਂ।
ਰੋ ਰੋ, ਅੱਖਾਂ ਨਿੱਤ ਕਰਦੀ ਹਾਂ ਹੌਲ਼ੀਆਂ।
ਅੱਜ ਰੋਹੀ ਬਣੀ ਜਿੰਦੜੀ ਤੇ ਥੇਹ ਹੋਏ ਚਾਅ ਵੇ।

ਕੀਤਾ ਤੂੰ ਅਜ਼ਾਦ ਚੰਨਾ... ...



ਮੁੜੀ ਨਾ ਬਹਾਰ, ਜਿਹੜੀ ਮੇਰੇ ਕੋਲ਼ੋਂ ਲੰਘ ਗਈ,
ਹੱਥ ਰਹਿ ਗਈ ਡੋਰ ਮੇਰੀ, ਕੱਟ ਕੇ ਪਤੰਗ ਗਈ।
ਖ਼ਬਰੇ ਉਹ ਕਿਹੜੀ ਗੱਲੋਂ, ਚੰਦਰੀ ਐ ਸੰਗ ਗਈ
ਉਹ ਵੀ ਸ਼ਾਇਦ ਮੇਰੇ ਵਾਂਗੂ ਬਿਰਹੋਂ 'ਚ ਰੰਗ ਗਈ।
ਹੋਏ ਅੱਜ ਤੇਰੇ ਮੇਰੇ ਵੱਖਰੇ ਨੇ ਰਾਹ ਵੇ।

ਕੀਤਾ ਤੂੰ ਅਜ਼ਾਦ ਚੰਨਾ ਜਾਣਾ ਜਿੱਥੇ ਜਾਹ ਵੇ।
ਗ਼ਮਾਂ ਨਾਲ ਕਰ ਗਿਆ, ਅਸੀਂ ਹੈ ਨਿਕਾਹ ਵੇ।

ਗੀਤ

ਕਰੇਂ ਆਪ ਚੋਰੀਆਂ ਤੇ ਸਾਨੂੰ ਦੱਸੇਂ ਚੋਰ ਵੇ।
ਲਾਈ ਬੈਠੇਂ ਅੱਖੀਆਂ, ਤੂੰ ਆਪ ਕਿਤੇ ਹੋਰ ਵੇ।

ਅੱਤ ਦਿਆ ਝੂਠਿਆ ਤੇ ਦਿਲ਼ਾਂ ਦਿਆ ਕਾਲ਼ਿਆ,
ਵਿੱਚ ਹਿਜਰਾਂ ਦੇ ਆਪਣਾ ਕਲੇਜਾ, ਅਸੀਂ ਖਾ ਲਿਆ।
ਦੰਭੀਆਂ, ਬੇ-ਗੈਰਤਾ ਤੇ ਹੁਸਨਾਂ ਦੇ ਭੁੱਖਿਆ,
ਗ਼ਮਾਂ ਵਾਲ਼ਾ ਰੋਗ ਅਸੀਂ ਜ਼ਿੰਦਗੀ ਨੂੰ ਲਾ ਲਿਆ।
ਉਮੀਦਾਂ ਦਿਆ ਸਾਹਾਂ ਦੀ ਤੂੰ, ਵੱਢ ਦਿੱਤੀ ਡੋਰ ਵੇ।

ਲਾਈ ਬੈਠੇਂ ਅੱਖੀਆਂ... ...

ਰੱਬ ਕਰੇ ਲੱਗੇ ਤੇਰੇ ਦਿਲ ਤੇ ਵੀ ਸੱਟ ਵੇ।
ਸਮੁੰਦਰਾਂ ਤੋਂ ਡੂੰਘੇ ਹੋਣ ਹਿਜਰਾਂ ਦੇ ਫੱਟ ਵੇ।
ਪਲ਼ ਪਲ਼ ਮੰਗੇ ਤੂੰ ਵੀ ਮੌਤ ਲਈ ਦੁਆ ਵੇ।
ਹੋ ਜਾਣ ਬੰਦ ਤੇਰੇ ਜ਼ਿੰਦਗੀ ਦੇ ਰਾਹ ਵੇ।
ਲੱਖ ਕੁਰਲਾਵੇਂ ਪਰ ਨਾ ਸੁਣੇ, ਕੋਈ ਤੇਰਾ ਸ਼ੋਰ ਵੇ।

ਲਾਈ ਬੈਠੇਂ ਅੱਖੀਆਂ... ...





ਮੁਹੱਬਤਾਂ 'ਚ ਕਹਿੰਦੇ ਨਾ ਦਿੰਦੇ ਬਦਦੁਆ ਵੇ।
ਪਰ ਤੇਰੀ ਬੇਵਫ਼ਾਈ ਦਾ ਇਹੀ ਹੈ ਸਿਲਾ ਵੇ।
ਮੈਂ ਹੋਈ ਬਰਬਾਦ ਜਿਵੇਂ, ਹੋਵੇ ਤੂੰ ਵੀ ਤਬਾਹ ਵੇ।
ਨੇੜੇ ਹੋ ਕੇ ਸੁਣੀ ਰੱਬਾ, ਮੇਰੀ ਤੂੰ ਦੁਆ ਵੇ।
ਕਦੋਂ ਚੱਲਦਾ ਨਿਮਾਣਿਆਂ ਦਾ ਡਾਢਿਆਂ ਤੇ ਜ਼ੋਰ ਵੇ।

ਆਪ ਕਰੇ ਚੋਰੀਆਂ ਤੇ, ਸਾਨੂੰ ਦੱਸੇਂ ਚੋਰ ਵੇ।
ਲਾਈ ਬੈਠੈਂ ਅੱਖੀਆਂ, ਤੂੰ ਆਪ ਕਿਤੇ ਹੋਰ ਵੇ।

ਗੀਤ

ਐਵੇਂ ਰੁੱਸਿਆ ਨਾ ਕਰ ਨੀ ਮਨਾ ਲੈਣ ਦੇ।
ਇਹਨਾਂ ਲੋਕਾਂ ਦੀਆਂ ਛੱਡ, ਇਹ ਦਗ਼ਾ ਦੇਣਗੇ।

ਬਹੁਤਾ ਰੁੱਸਿਆ ਨਾ ਕਰ, ਨਹੀਂ ਇਹ ਲੰਮੀ ਜ਼ਿੰਦਗੀ,
ਚਾਰ ਦਿਨਾਂ ਬਾਦ ਜਾਣੀ, ਇਹ ਥੰਮੀ ਜ਼ਿੰਦਗੀ,
ਦਿਨ ਦੋ ਨੇ ਕੋਲ਼ ਜਿਹੜੇ, ਹੱਸ ਗਾ ਲੈਣ ਦੇ।
ਐਵੇਂ ਰੁੱਸਿਆ ਨਾ ਕਰ ਨੀ... ...

ਜਿਹੜੇ ਛੱਡ ਗਏ ਨੇ ਵਿੱਚੇ, ਕੌਣ ਯਾਦ ਕਰਦਾ।
ਲਾ ਕੇ ਜਿਨ੍ਹਾਂ ਨੇ ਨਿਭਾਈਆਂ, ਜੱਗ ਹੌਕੇ ਭਰਦਾ।
ਵਿੱਚ ਕਿੱਸਿਆਂ ਦੇ ਸਾਨੂੰ ਵੀ ਤੂੰ, ਆ ਲੈਣ ਦੇ।
ਐਵੇਂ ਰੁੱਸਿਆ ਨਾ ਕਰ ਨੀ... ...

ਹੱਸ ਹੱਸ ਕਟੇਂਗਾ ਤਾਂ ਇਹ ਲੰਘੂ ਜ਼ਿੰਦਗੀ।
ਹੱਥ ਜੋੜ ਜੋੜ ਜਿਹੜੀ, ਮੰਗੀ ਜ਼ਿੰਦਗੀ
ਆਵੇ ਗ਼ਮ ਨਾ ਕੋਈ ਵਿਹੜੇ, ਬੂਹੇ ਲਾ ਲੈਣ ਦੇ।
ਐਵੇਂ ਰੁੱਸਿਆ ਨਾ ਕਰ ਨੀ... ...





ਢੋਲਾ

ਤੈਨੂੰ ਮਿਲਸਾਂ ਢੋਲਾ, ਵੇ ਤੈਨੂੰ ਟਕਰੂੰ ਢੋਲਾ।
ਢੋਲਾ ਐਵੇਂ ਨਾ ਰੁੱਸ ਰੁੱਸ ਬਹਿ ਵੇ।
ਦਿਲ ਆਈ, ਤੂੰ ਮੂੰਹ ਤੇ ਕਹਿ ਵੇ।
ਸਾਥੋਂ ਹੁੰਦੀ ਨਾ ਚੁੱਪ ਤੇਰੀ ਸਹਿ ਵੇ।
ਕਦੇ ਮਿਲਸਾਂ ਢੋਲਾ... ...

ਢੋਲਾ ਕਰਦੈਂ ਨਿੱਤ ਤੂੰ, ਲੜਾਈ ਵੇ।
ਕਿਸ ਚੰਦਰੀ ਨੇ ਪੱਟੀ ਹੈ, ਪੜ੍ਹਾਈ ਵੇ।
ਕਿਹੜਾ ਕਰਦੈ, ਲਾਈ ਤੇ ਬੁਝਾਈ ਵੇ।
ਕਦੇ ਮਿਲਸਾਂ ਢੋਲਾ... ...

ਢੋਲਾ ਸਮਝ ਨਾ ਥਾਣੇਦਾਰ ਵੇ।
ਅਸੀਂ ਕਰਨੀ ਨੀ ਤੇਰੀ ਵਗਾਰ ਵੇ।
ਭਾਵੇਂ ਨਿੱਤ ਨਿੱਤ ਛਮਕਾਂ ਤੂੰ ਮਾਰ ਵੇ।
ਤੈਨੂੰ ਮਿਲਸਾਂ ਢੋਲਾ... ...

ਕਿਹੜੀ ਗੱਲ ਦਾ ਤੂੰ ਕੱਢਦੈਂ ਵੈਰ ਵੇ।
ਬਿਨਾਂ ਪੁੱਛਿਆਂ ਨਾ ਘਰੋਂ ਕੱਢਾਂ ਪੈਰ ਵੇ।
ਨਿੱਤ ਮੰਗਦੀਆਂ ਮੈਂ ਤੇਰੀ ਖ਼ੈਰ ਵੇ।
ਕਦੇ ਮਿਲਸਾਂ ਢੋਲਾ ਵੇ ਕਦੇ ਟਕਰੂੰ ਢੋਲਾ।